पेंशन निधि विनियामक एवं विकास प्राधिकरण
PENSION FUND REGULATORY AND DEVELOPMENT AUTHORITY

आज़ादी का अमृत महोत्सव

ਰਿਟਾਇਰਮੈਂਟ ਸਿੱਖਿਆ ਅਤੇ ਜਾਗਰੂਕਤਾ ਪ੍ਰੋਗਰਾਮ

ਪੈਨਸ਼ਨ ਫੰਡ ਰੈਗੂਲੇਟਰੀ ਅਤੇ ਡਿਵੈਲਪਮੈਂਟ ਅਥਾਰਟੀ

ਆਪਣੀਆਂ ਵਿੱਤੀ ਚਿੰਤਾਵਾਂ ਤੋਂ ਆਜ਼ਾਦੀ ਪਾਓ — ਲਾਭ ਉਠਾਓ

nps national pension system PENSION FOR ALL

अटल पेंशन योजना मेरा अधिकार मेरा सम्मान

ਵਿਸ਼ਾ

1	ਰਿਟਾਇਰਮੈਂਟ ਨੂੰ ਸਮਝਣਾ	2
2	ਧਿਆਨ ਵਿੱਚ ਰੱਖਣ ਲਈ ਨੁਕਤੇ	7
3	ਪੈਨਸ਼ਨ ਯੋਜਨਾ ਦੀਆਂ ਵਿਸ਼ੇਸ਼ਤਾਵਾਂ: ਮੁੱਖ ਵਿਚਾਰ	11
4	ਨੈਸ਼ਨਲ ਪੈਨਸ਼ਨ ਸਿਸਟਮ ਦਾ ਜਾਦੂ	15
5	ਅਟਲ ਪੈਨਸ਼ਨ ਯੋਜਨਾ ਦੀ ਸਮਰੱਥਾ	25
	ਨਿਚੋੜ	29
	ਸ਼ਬਦਾਵਲੀ	30

ਸਤਿ ਸ੍ਰੀ ਅਕਾਲ।
ਮੇਰਾ ਨਾਮ
ਪ੍ਰੋਫੈਸਰ ਮਨੀ ਰਾਮ ਹੈ।

ਮੈਨੂੰ ਇਹ ਦੇਖ ਕੇ ਖੁਸ਼ੀ ਹੋਈ ਕਿ ਤੁਹਾਡੇ ਵਿੱਚੋਂ ਬਹੁਤ ਸਾਰਿਆਂ ਨੂੰ ਰਿਟਾਇਰਮੈਂਟ ਦੀ ਯੋਜਨਾ ਅਤੇ ਬੱਚਤ ਦੀ ਯੋਜਨਾ ਬਣਾਉਣ ਵਿੱਚ ਦਿਲਚਸਪੀ ਹੈ। ਜੋ ਮੈਂ ਅੱਜ ਤੁਹਾਡੇ ਨਾਲ ਸਾਂਝਾ ਕਰਨ ਜਾ ਰਿਹਾ ਹਾਂ, ਉਹ 18 ਸਾਲ ਤੋਂ ਲੈ ਕੇ 70 ਸਾਲ ਤੱਕ ਦੇ ਵਿਅਕਤੀਆਂ ਤੇ ਲਾਗੂ ਹੁੰਦਾ ਹੈ।

ਇਨਕਾਰੀ ਬਿਆਨ (ਵਿਸ਼ਾ-ਸੂਚੀ ਤੋਂ ਬਾਅਦ ਸ਼ਾਮਲ ਕੀਤਾ ਜਾਣਾ ਹੈ)

ਇਸ ਪੁਸਤਿਕਾ ਵਿੱਚ ਦਿੱਤੀ ਗਈ ਜਾਣਕਾਰੀ ਸਿਰਫ ਵਿਆਖਿਆ, ਜਾਣਕਾਰੀ, ਅਤੇ ਵਿਦਿਅਕ ਉਦੇਸ਼ਾਂ ਲਈ ਹੈ ਅਤੇ ਇਹ ਜ਼ਰੂਰੀ ਨਹੀਂ ਕਿ ਇਹ ਪੈਨਸ਼ਨ ਫੰਡ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਟੀ ਦੇ ਵਿਚਾਰਾਂ ਜਾਂ ਧਾਰਨਾਵਾਂ ਨੂੰ ਦਰਸਾਉਂਦੀ ਹੋਵੇ। ਪੈਨਸ਼ਨ ਫੰਡ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਟੀ ਪੁਸਤਿਕਾ ਵਿੱਚ ਸਮੱਗਰੀ ਦੇ ਬਿਲਕੁਲ ਸਹੀ ਹੋਣ, ਵਿਹਾਰਕਤਾ, ਉਪਯੁਕਤਤਾ ਜਾਂ ਸੰਪੂਰਨਤਾ ਦੇ ਸਬੰਧ ਵਿੱਚ ਕੋਈ ਨੁਮਾਇੰਦਗੀ ਨਹੀਂ ਕਰਦੀ ਜਾਂ ਵਾਰੰਟੀ ਨਹੀਂ ਦਿੰਦੀ ਹੈ।

ਪਹਿਲਾ ਐਡੀਸ਼ਨ ਮਈ 2022। ਦੋਬਾਰਾ ਛਾਪਣ ਦੀ ਇਜਾਜ਼ਤ ਹੈ ਬਸ਼ਰਤੇ ਸਰੋਤ ਬਾਰੇ ਬਿਆਨ ਕੀਤਾ ਹੋਵੇ।

ਅਧਿਆਇ 01

ਰਿਟਾਇਰਮੈਂਟ ਨੂੰ ਸਮਝਣਾ



ਆਪਣੀਆਂ ਅੱਖਾਂ ਬੰਦ ਕਰੋ ਅਤੇ ਉਸ ਸਮੇਂ ਦੀ ਕਲਪਨਾ ਕਰੋ ਜਦੋਂ ਤੁਸੀਂ ਕੰਮ ਨਹੀਂ ਕਰ ਰਹੇ ਹੋਵੋਗੇ। ਤੁਹਾਨੂੰ ਕੀ ਦਿਖਿਆ?

ਕੀ ਤੁਸੀਂ ਆਪਣੇ ਆਪ ਨੂੰ **ਅਰਾਮਦੇਹ ਮਾਹੌਲ ਵਿੱਚ, ਸ਼ਾਂਤੀ ਨਾਲ ਆਪਣਾ ਸਮਾਂ ਨਾਲ ਬਿਤਾਉਂਦੇ ਹੋਏ, ਆਪਣੇ ਬੱਚਿਆਂ** ਜਾਂ **ਪੋਤੇ-ਪੋਤੀਆਂ ਨੂੰ ਮਿਲਣ ਜਾਂਦੇ** ਅਤੇ **ਛੁੱਟੀਆਂ ਮਨਾਉਂਦੇ ਹੋਏ** ਦੇਖਦੇ ਹੋ?

ਤੁਹਾਡੇ ਜੀਵਨ ਦੇ ਉਸ ਪੜਾਅ ਨੂੰ, ਮੇਰੇ ਦੋਸਤੋ, ਜਦੋਂ ਤੁਸੀਂ ਕੰਮ ਕਰਨਾ ਬੰਦ ਕਰ ਦਿੰਦੇ ਹੋ ਅਤੇ ਤੁਸੀਂ ਆਪਣੀ ਜੋੜੀ ਹੋਈ ਬੱਚਤ ਤੇ ਗੁਜ਼ਾਰਾ ਕਰਦੇ ਹੋ ਤਾਂ ਉਸ ਨੂੰ ਰਿਟਾਇਰਮੈਂਟ ਕਿਹਾ ਜਾਂਦਾ ਹੈ।

ਇਹ ਇੱਕ ਅਜਿਹਾ ਪੜਾਅ ਹੈ ਜਿਸ ਲਈ ਤੁਹਾਨੂੰ ਉੱਨੀ ਬੱਚਤ ਕਰਨ ਦੀ ਲੋੜ ਹੈ, ਜਿਸ ਨਾਲ ਤੁਸੀਂ ਉਹ ਜੀਵਨ ਜੀ ਸਕੋ ਜਿਸਦੀ ਤੁਸੀਂ ਹੁਣੇ ਕਲਪਨਾ ਕੀਤੀ ਹੈ।

- ਆਪਣੇ ਘਰ ਦੇ ਖਰਚੇ ਚਲਾਉਣਾ
- ਇਲਾਜ ਦੇ ਖਰਚੇ
- ਤੁਹਾਡੀਆਂ ਅਤੇ ਤੁਹਾਡੇ ਪਰਿਵਾਰ ਦੀਆਂ ਲੋੜਾਂ
- ਮਨੋਰੰਜਕ ਗਤੀਵਿਧੀਆਂ ਅਤੇ ਛੁੱਟੀਆਂ

ਤੁਹਾਡੀ ਰਿਟਾਇਰਮੈਂਟ ਤੋਂ ਬਾਅਦ ਵੀ ਤੁਹਾਨੂੰ ਇਹਨਾਂ ਲਈ ਕਾਫ਼ੀ ਪੈਸਾ ਚਾਹੀਦਾ ਹੋਵੇਗਾ।

ਇਹ ਤਾਂ ਹੀ ਸੰਭਵ ਹੈ ਜੇ ਤੁਸੀਂ **ਆਪਣੀ ਆਜ਼ਾਦੀ ਲਈ ਫੈਸਲੇ ਲੈਂਦੇ ਹੋ** — ਵਿੱਤੀ ਰੁਕਾਵਟਾਂ ਅਤੇ ਚਿੰਤਾਵਾਂ ਤੋਂ ਆਜ਼ਾਦੀ — ਆਪਣੇ ਕੰਮਕਾਜੀ ਜੀਵਨ ਦੇ ਸ਼ੁਰੂਆਤੀ ਪੜਾਵਾਂ 'ਤੇ।

ਜਿਸਦਾ ਮਤਲਬ ਹੈ, ਤੁਹਾਡੇ ਲਈ **ਰਿਟਾਇਰਮੈਂਟ ਦੀਆਂ ਲੋੜਾਂ ਲਈ ਛੇਤੀ ਫੈਸਲੇ ਲੈਣ ਦੀ ਲੋੜ ਹੈ।**

ਕੀ ਤੁਸੀਂ ਤਿਆਰ ਹੋ?

ਆਪਣੀ ਰਿਟਾਇਰਮੈਂਟ ਦੀ ਯੋਜਨਾ ਬਣਾਉਣਾ

ਆਪਣੀ ਰਿਟਾਇਰਮੈਂਟ ਦੀ ਯੋਜਨਾ ਬਣਾਉਣ ਦਾ ਮਤਲਬ ਇੰਨੀ ਕੁ ਬੱਚਤ ਕਰਨਾ ਕੀ ਤੁਸੀਂ ਆਪਣੀ ਬਾਕੀ ਜ਼ਿੰਦਗੀ ਵਿੱਚ ਆਪਣੀਆਂ ਲੋੜਾਂ ਨੂੰ ਪੂਰੀਆਂ ਕਰ ਸਕੋ। ਦੂਜੇ ਸ਼ਬਦਾਂ ਵਿਚ, ਇਹ ਇਸ ਗੱਲ ਨੂੰ ਨਿਰਧਾਰਿਤ ਕਰਨ ਦੀ ਪ੍ਰਕਿਰਿਆ ਹੈ ਕਿ ਤੁਹਾਡੀ ਰਿਟਾਇਰਮੈਂਟ ਤੋਂ ਬਾਅਦ ਆਰਾਮ ਨਾਲ ਜ਼ਿੰਦਗੀ ਜਿਉਣ ਲਈ ਤੁਹਾਨੂੰ ਕਿੰਨੇ ਪੈਸੇ ਦੀ ਲੋੜ ਪਵੇਗੀ।

ਇਸਦੇ ਲਈ, ਤੁਹਾਨੂੰ ਇਹ ਵੀ ਪਤਾ ਲਗਾਉਣਾ ਹੋਵੇਗਾ ਕਿ ਤੁਹਾਡੇ ਕੋਲ ਆਪਣੇ ਸੁਨਹਿਰੀ ਸਾਲਾਂ (ਰਿਟਾਇਰਮੈਂਟ ਤੋਂ ਬਾਅਦ) ਤੱਕ ਪਹੁੰਚਣ ਤੋਂ ਪਹਿਲਾਂ ਕਿੰਨਾ ਸਮਾਂ ਬਾਕੀ ਹੈ।

ਇਸ ਲਈ ਆਓ ਇਸ ਗੱਲ ਦਾ ਅੰਦਾਜ਼ਾ ਲਗਾਈਏ ਕਿ ਤੁਸੀਂ ਅੱਜ ਕੱਲ ਕਿੰਨੀ ਔਸਤਨ ਉਮਰ ਦੀ ਉਮੀਦ ਕਰਦੇ ਹੋ।

ਕੋਈ ਵੀ? ਅਸਲ ਵਿੱਚ ਸੱਚ ਤਾਂ ਇਹ ਹੈ ਕਿ ਤੁਹਾਡੇ ਵਿਚੋਂ ਬਹੁਤ ਸਾਰੇ ਰਿਟਾਇਰਮੈਂਟ ਤੋਂ ਬਾਅਦ ਕਈ ਸਾਲਾਂ ਤੱਕ ਜਿਉਂਣਗੇ ਕਿਉਂਕਿ ਹੈਲਥਕੇਅਰ (ਸਿਹਤ ਸੰਭਾਲ) ਦੇ ਵਿੱਚ ਤਰੱਕੀ ਕਾਰਨ ਜਿਉਣ ਦੇ ਸਾਲਾਂ ਦੀ ਸੰਭਾਵਨਾ ਵਧ ਗਈ ਹੈ।

ਭਾਰਤ ਵਿੱਚ, ਅੱਜ 60 ਸਾਲ ਦੀ ਉਮਰ ਵਿੱਚ ਰਿਟਾਇਰ ਹੋਣ ਤੋਂ ਬਾਅਦ ਵਿਅਕਤੀ ਔਸਤਨ 20 ਸਾਲ ਤੋਂ ਜ਼ਿਆਦਾ ਜਿਉਂਦਾ ਹੈ।



ਇਸ ਲਈ ਰਿਟਾਇਰਮੈਂਟ ਦੇ ਸਾਲਾਂ ਵਿੱਚ ਰੋਜ਼ਾਨਾ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਕਾਫੀ ਫੰਡ ਚਾਹੀਦੇ ਹੋਣਗੇ।

ਪਰ ਬਿਨਾਂ ਸਹੀ ਯੋਜਨਾਬੰਦੀ ਦੇ, ਤੁਹਾਡੇ ਕੋਲ ਰਿਟਾਇਰਮੈਂਟ ਵੇਲੇ ਰਾਸ਼ੀ ਘੱਟ ਰਹਿ ਜਾਵੇਗੀ। ਜਿਸਦਾ ਮਤਲਬ ਹੈ, ਤੁਹਾਡੇ ਕੋਲ ਆਪਣੇ ਮਹੀਨਾਵਾਰ ਖਰਚਿਆਂ ਨੂੰ ਚਲਾਉਣ ਲਈ ਲੋੜੀਂਦੇ ਪੈਸੇ ਨਹੀਂ ਹੋਣਗੇ। ਅਜਿਹੇ ਹਾਲਾਤਾਂ ਵਿੱਚ ਤੁਹਾਨੂੰ ਦੋਬਾਰਾ ਕੰਮ ਕਰਨ ਲਈ ਮਜਬੂਰ ਹੋਣਾ ਪਵੇਗਾ। ਪਰ, **ਜੇਕਰ ਤੁਸੀਂ ਹੁਣੇ ਯੋਜਨਾ ਬਣਾਉਂਦੇ ਹੋ ਤਾਂ ਬਾਅਦ ਵਿੱਚ ਪੈਸਿਆਂ ਦੇ ਖਤਮ ਹੋਣ ਦੀ ਸੰਭਾਵਨਾ ਘੱਟ ਜਾਂਦੀ ਹੈ।**

ਇਸ ਲਈ ਅੱਜ ਹੀ ਆਪਣੀ ਰਿਟਾਇਰਮੈਂਟ ਦੀ ਯੋਜਨਾ ਬਣਾਓ ਅਤੇ ਆਉਣ ਵਾਲੇ ਕੱਲ ਲਈ ਆਪਣੀਆਂ ਰਿਟਾਇਰਮੈਂਟ ਦੀਆਂ ਲੋੜਾਂ ਲਈਛੇਤੀ ਫੈਸਲੇ ਲਵੋ!

ਹਰ ਕਿਸੇ ਲਈ ਪੈਨਸ਼ਨ

ਤਾਂ ਦੋਸਤੋ ਕੀ ਤੁਹਾਨੂੰ ਪਤਾ ਹੈ ਇਹ ਤੁਹਾਡੀ ਰਿਟਾਇਰਮੈਂਟ ਦੇ ਵਿੱਚ ਤੁਹਾਡਾ ਸਭ ਤੋਂ ਵਧੀਆ ਦਾਅ ਕਿਹੜਾ ਹੈ? ਇਸ ਦਾ ਉੱਤਰ ਤੁਹਾਡੇ ਸੋਚੇ ਨਾਲੋਂ ਬਹੁਤ ਸੌਖਾ ਹੈ।
ਇਹ ਇੱਕ ਸ਼ਬਦ ਦਾ ਹੈ — ਪੈਨਸ਼ਨ। ਜੀ ਹਾਂ, ਪੈਨਸ਼ਨ ਤੁਹਾਡੇ ਰਿਟਾਇਰਮੈਂਟ ਦੇ ਸਾਲਾਂ ਦੇ ਲਈ ਆਮਦਨ ਦਾ ਮੁੱਖ ਸਰੋਤ ਹੈ।

ਰਿਟਾਇਰਮੈਂਟ ਤੋਂ ਬਾਅਦ ਤੁਸੀਂ ਆਰਾਮ ਨਾਲ ਰਹਿ ਸਕਦੇ ਹੋ ਕਿਉਂਕਿ ਤੁਹਾਡੇ ਕੋਲ ਆਰਾਮਦਾਇਕ ਜੀਵਨ ਦਾ ਆਨੰਦ ਮਾਨਣ ਲਈ ਕਾਫੀ ਫੰਡ (ਪੈਸੇ) ਹੋਣਗੇ।

ਪੈਨਸ਼ਨ ਦੇ ਨਾਲ ਤੁਹਾਨੂੰ ਪੱਕੀ, ਬੱਝਵੀਂ ਮਹੀਨਾਵਾਰ ਰਕਮ ਮਿਲਦੀ ਹੈ।

ਪੈਨਸ਼ਨ ਉਹਨਾਂ ਸਾਲਾਂ ਲਈ ਰੱਖੇ ਗਏ ਇਕੱਠੇ ਪੈਸਿਆਂ ਤੋਂ ਆਉਂਦੀ ਹੈ ਜਦੋਂ ਤੁਸੀਂ ਕੰਮ ਨਹੀਂ ਕਰਦੇ

ਪੈਨਸ਼ਨ ਰਿਟਾਇਰਮੈਂਟ ਤੋਂ ਬਾਅਦ ਤੁਹਾਡੀਆਂ ਲੋੜਾਂ ਅਤੇ ਸੁਪਨਿਆਂ ਦਾ ਧਿਆਨ ਰੱਖਦੀ ਹੈ

ਪਰ ਕੀ ਤੁਸੀਂ ਸੋਚਦੇ ਹੋ ਕੇ ਪੈਨਸ਼ਨਾਂ ਸਿਰਫ ਸਰਕਾਰੀ ਕਰਮਚਾਰੀਆਂ ਲਈ ਹੀ ਹਨ? ਜਾਂ ਪ੍ਰਾਈਵੇਟ ਕੰਪਨੀਆਂ ਵਿੱਚ ਨੌਕਰੀ ਕਰਦੇ ਤੁਹਾਡੇ ਸਾਥੀਆਂ ਲਈ ਹਨ? ਅਜਿਹਾ ਸੋਚਣਾ ਗਲਤ ਹੋਵੇਗਾ।

ਮੇਰੇ ਪਿਆਰੇ ਦੋਸਤੋ, ਹਰ ਕੋਈ ਪੈਨਸ਼ਨ ਲੈ ਸਕਦਾ ਹੈ – ਤੁਸੀਂ ਵੀ।

ਜਲਦੀ ਸ਼ੁਰੂ ਕਰੋ ਜ਼ਿਆਦਾ ਬੱਚਤ ਕਰੋ

ਤੁਸੀਂ ਕੀ ਸੋਚਦੇ ਹੋ ਕਿ ਤੁਹਾਨੂੰ ਆਪਣੀ ਰਿਟਾਇਰਮੈਂਟ ਲਈ ਕਦੋਂ ਸੋਚਣਾ ਸ਼ੁਰੂ ਕਰਨਾ ਚਾਹੀਦਾ ਹੈ? ਹੁਣੇ। ਜੀ ਹਾਂ, ਤੁਸੀਂ ਸਹੀ ਸੁਣਿਆ।

ਤੁਸੀਂ 18 ਤੋਂ 70 ਸਾਲ ਦੇ ਵਿੱਚ ਕਿਸੇ ਵੀ ਉਮਰ ਵਿੱਚ ਆਪਣੀ ਰਿਟਾਇਰਮੈਂਟ ਦੀ ਯੋਜਨਾ ਬਣਾ ਸਕਦੇ ਹੋ।

ਜਿੰਨੀ ਜਲਦੀ ਤੁਸੀਂ ਸ਼ੁਰੂਆਤ ਕਰੋਗੇ, ਤੁਹਾਡੇ ਸੁਨਹਿਰੀ ਸਾਲਾਂ ਵਿੱਚ ਤੁਹਾਡੇ ਕੋਲ ਉਨੀ ਜ਼ਿਆਦਾ ਰਿਟਾਇਰਮੈਂਟ ਰਾਸ਼ੀ (ਮਨ ਦੀ ਸ਼ਾਂਤੀ) ਹੋਵੇਗੀ।

ਮੈਂ ਤੁਹਾਨੂੰ ਇੱਕ ਉਦਾਹਰਣ ਦਿੰਦਾ ਹਾਂ।

ਤੁਹਾਡੀ ਮੌਜੂਦਾ ਉਮਰ = 25 ਸਾਲ
ਮਹੀਨੇ ਦੇ ਖਰਚੇ = ₹ 10,000
ਤੁਹਾਡੀ ਰਿਟਾਇਰਮੈਂਟ ਦੀ ਉਮਰ = 60 ਸਾਲ
ਜਿੰਨੀ ਉਮਰ ਤੱਕ ਤੁਸੀਂ ਯੋਜਨਾ ਬਣਾਉਣਾ ਚਾਹੁੰਦੇ ਹੋ = 80 ਸਾਲ

ਧਾਰਨਾਵਾਂ

ਮਹਿੰਗਾਈ ਦਰ (ਇਨਫਲੇਸ਼ਨ) = 5%
ਰਿਟਰਨ ਔਨ ਪੈਨਸ਼ਨ ਇਨਵੈਸਟਮੈਂਟ = 10%



ਇਹ ਕੁੱਝ ਸੰਭਾਵਨਾਵਾਂ ਹਨ ਜੋ ਮੈਂ ਅਲੱਗ-ਅਲੱਗ ਉਮਰ ਦੇ ਲੋਕਾਂ ਲਈ ਸਾਹਮਣੇ ਰੱਖੀਆਂ ਹਨ। ਤੁਸੀਂ ਹਰੇਕ ਦੇ ਅਧੀਨ ਮਹੀਨਾਵਾਰ ਖਰਚਿਆਂ ਵਿੱਚ ਮਹਿੰਗਾਈ ਦਰ (ਇਨਫਲੇਸ਼ਨ) ਨੂੰ ਐਡਜਸਟ ਕਰ ਕੇ ਬਣੀ ਰਕਮ, ਹਰੇਕ ਮਹੀਨੇ ਨਿਵੇਸ਼ ਕਰਨ ਲਈ ਬਣਦੀ ਰਕਮ ਅਤੇ 60 ਸਾਲਾਂ ਤੇ ਲੋੜੀਂਦੀ ਰਿਟਾਇਰਮੈਂਟ ਰਕਮ ਦੇਖ ਸਕਦੇ ਹੋ।

ਉਮਰ	25 (ਰਿਟਾਇਰਮੈਂਟ ਲਈ 35 ਸਾਲ ਬਾਕੀ)	30 (ਰਿਟਾਇਰਮੈਂਟ ਲਈ 30 ਸਾਲ ਬਾਕੀ)	45 (ਰਿਟਾਇਰਮੈਂਟ ਲਈ 15 ਸਾਲ ਬਾਕੀ)
60 ਸਾਲ ਦੀ ਉਮਰ ਵਿੱਚ ਖਰਚਿਆਂ ਦੀ ਰਕਮ	55,160	43,219	20,789
ਪ੍ਰਤੀ ਮਹੀਨੇ ਨਿਵੇਸ਼ ਕਰਨ ਲਈ ਬਣਦੀ ਰਕਮ	2,236	2,942	7,720
60 ਸਾਲ ਦੀ ਉਮਰ ਤੇ ਲੋੜੀਂਦਾ ਕੌਰਪਸ (ਕੁਲ ਰਕਮ)	85 ਲੱਖ	67 ਲੱਖ	32 ਲੱਖ

ਜਲਦੀ ਸ਼ੁਰੂ ਕਰੋ ਅਤੇ ਕਈ ਸਾਲਾਂ ਦੀ ਆਪਣੀ ਪੈਨਸ਼ਨ ਲਈ ਬੱਚਤ ਕਰੋ।

ਇਸ ਤਰ੍ਹਾਂ, ਤੁਹਾਨੂੰ ਬਾਅਦ ਦੇ ਸਾਲਾਂ ਵਿੱਚ ਆਸਾਨੀ ਰਹੇਗੀ — ਜੇ ਤੁਸੀਂ ਜਲਦੀ ਰਿਟਾਇਰ ਹੋਣ ਦਾ ਫੈਸਲਾ ਵੀ ਕਰਦੇ ਹੋ।

ਮਨੀਰਾਮ ਮੰਤਰ

- ਆਪਣੀ **ਰਿਟਾਇਰਮੈਂਟ ਦੀਆਂ** ਲੋੜਾਂ ਲਈ **ਛੇਤੀ ਫੈਸਲੇ** ਲਵੋ ਅਤੇ ਵਿੱਤੀ ਰੁਕਾਵਟਾਂ ਤੋਂ ਆਜ਼ਾਦੀ ਪਾਓ।
- ਭਾਵੇਂ ਤੁਸੀਂ ਸਰਕਾਰੀ ਜਾਂ ਪ੍ਰਾਈਵੇਟ ਕੰਪਨੀ ਦੇ ਕਰਮਚਾਰੀ ਨਹੀਂ ਵੀ ਹੋ ਤਾਂ ਵੀ **ਤੁਹਾਨੂੰ ਪੈਨਸ਼ਨ ਮਿਲ ਸਕਦੀ ਹੈ।**
- **ਜਲਦੀ ਬੱਚਤ ਕਰਨਾ ਸ਼ੁਰੂ ਕਰੋ** ਤਾਂ ਜੋ ਤੁਹਾਨੂੰ ਆਪਣੀ ਰਿਟਾਇਰਮੈਂਟ ਦੀ ਰਾਸ਼ੀ ਨੂੰ ਇਕੱਠਾ ਕਰਨ ਲਈ ਜ਼ਿਆਦਾ ਸਾਲ ਮਿਲ ਸਕਣ ਅਤੇ ਕੰਪਾਂਉਂਡਿੰਗ ਦਾ ਆਨੰਦ ਮਾਣੋ। ਅਜਿਹਾ ਕਰਨ ਨਾਲ, ਤੁਸੀਂ ਆਪਣੀ ਰਿਟਾਇਰਮੈਂਟ ਦੀ ਜ਼ਿੰਦਗੀ ਵਿੱਚ ਸੌਖਾਲੇ ਰਹੋਗੇ।

ਆਪਣਾ ਨੈਸ਼ਨਲ ਪੈਨਸ਼ਨ ਸਿਸਟਮ ਅਕਾਉਂਟ ਔਨਲਾਈਨ ਖੋਲ੍ਹੋ www.npstrust.org.in/content/open-your-nps-account-online

ਧਿਆਨ ਵਿੱਚ ਰੱਖਣ ਲਈ ਨੁਕਤੇ

ਰਿਟਾਇਰਮੈਂਟ ਦੀ ਯੋਜਨਾ ਬਣਾਉਣ ਲਈ ਕੁੱਝ ਜ਼ਰੂਰੀ ਨੁਕਤੇ ਹਨ ਜਿਹਨਾਂ 'ਤੇ ਤੁਹਾਨੂੰ ਵਿਚਾਰ ਕਰਨਾ ਚਾਹੀਦਾ ਹੈ ਜਿਵੇਂ ਕਿ

- **ਤੁਸੀਂ ਕਦੋਂ ਰਿਟਾਇਰ ਹੋਣਾ ਚਾਹੁੰਦੇ ਹੋ?**
- **ਤੁਹਾਡੀ ਰਿਟਾਇਰਮੈਂਟ ਤੋਂ ਬਾਅਦ ਤੁਹਾਨੂੰ ਕਿੰਨਾ ਪੈਸਾ ਚਾਹੀਦਾ ਹੈ?**
- **ਕੀ ਤੁਸੀਂ ਜਲਦੀ ਰਿਟਾਇਰ ਹੋ ਸਕਦੇ ਹੋ?**
- **ਜਦੋਂ ਤੁਸੀਂ ਕੰਮ ਕਰਨਾ ਛੱਡ ਦੇਵੋਗੇ ਤਾਂ ਤੁਸੀਂ ਸਥਿਰ ਆਮਦਨ ਨੂੰ ਕਿਵੇਂ ਯਕੀਨੀ ਬਣਾਓਗੇ?**

ਮੈਨੂੰ ਸਮਝਾਉਣ ਦੀ ਆਗਿਆ ਦਿਓ।

1. ਪਹਿਲੇ ਨੁਕਤੇ ਤੇ ਆਉਂਦੇ ਹਾਂ — **ਤੁਸੀਂ ਕਦੋਂ ਰਿਟਾਇਰ ਹੋਣਾ ਚਾਹੁੰਦੇ ਹੋ?**

   ਕੀ ਤੁਸੀਂ ਹੋਰ 10 ਸਾਲਾਂ ਲਈ ਕੰਮ ਕਰਨਾ ਚਾਹੁੰਦੇ ਹੋ? 20 ਸਾਲ? 30 ਸਾਲ? ਜਾਂ ਫਿਰ ਇਸ ਤੋਂ ਵੀ ਜ਼ਿਆਦਾ? ਯਾਦ ਰੱਖੋ, ਕਿਸੇ ਵਿਅਕਤੀ ਦੇ 80 ਸਾਲਾਂ ਤੋਂ ਵੱਧ ਜਿਉਣ ਦੀ ਉਮੀਦ ਕੀਤੀ ਜਾਂਦੀ ਹੈ; ਇਸ ਲਈ ਜਿੰਨੀ ਜਲਦੀ ਤੁਸੀਂ ਰਿਟਾਇਰ ਹੋਵੋਗੇ, ਓਨੇ ਹੀ ਲੰਬੇ ਸਮੇਂ ਲਈ ਤੁਹਾਨੂੰ ਪੈਨਸ਼ਨ ਦੀ ਲੋੜ ਪਵੇਗੀ।

2. ਦੂਜਾ ਨੁਕਤਾ ਇਸ ਬਾਰੇ ਹੈ — **ਰਿਟਾਇਰਮੈਂਟ ਤੋਂ ਬਾਅਦ ਤੁਹਾਨੂੰ ਹਰ ਮਹੀਨੇ ਕਿੰਨੇ ਪੈਸੇ ਦੀ ਲੋੜ ਪਵੇਗੀ?**

   - ਇਹ ਤੁਹਾਡੇ ਰੋਜ਼ ਦੇ ਭੋਜਨ, ਕੱਪੜਿਆਂ ਅਤੇ ਦਵਾਈਆਂ ਦੀ ਖਰਚਿਆਂ ਤੇ ਆਧਾਰਿਤ ਹੋਵੇਗਾ। ਕੁੱਝ ਖਰਚੇ ਜੋ ਹੁਣ ਹਨ ਉਹਨਾਂ ਦਾ ਸਰੂਪ ਬਦਲ ਜਾਵੇਗਾ। ਉਦਾਹਰਣ ਦੇ ਲਈ ਸਕੂਲ ਦੀ ਫੀਸ ਹੈਲਥਕੇਅਰ (ਸਿਹਤ ਸੰਭਾਲ) ਦੇ ਖਰਚਿਆਂ ਵਿੱਚ ਬਦਲ ਜਾਵੇਗੀ।

   - ਧਿਆਨ ਦੇਣ ਯੋਗ ਇੱਕ ਮਹੱਤਵਪੂਰਨ ਕਾਰਕ ਮਹਿੰਗਾਈ (ਇਨਫਲੇਸ਼ਨ) ਹੈ। ਮੈਂ ਤੁਹਾਨੂੰ ਇਹ ਇੱਕ ਸੌਖੀ ਜਿਹੀ ਉਦਾਹਰਣ ਨਾਲ ਸਮਝਾਉਂਦਾ ਹਾਂ। ਮੰਨ ਲਓ ਤੁਸੀ ਅੱਜ 50 ਰੁਪਏ ਦੇ 1 ਕਿੱਲੋ ਚੌਲ ਖਰੀਦਦੇ ਹੋ, 5% ਪ੍ਰਤਿਸ਼ਤ ਇਨਫਲੇਸ਼ਨ ਦੇ ਨਾਲ, ਇਹ ਤੁਹਾਨੂੰ 75 ਰੁਪਏ ਦੇ ਪੈਣਗੇ। ਜੇ ਤੁਸੀਂ ਆਪਣੀ ਰਿਟਾਇਰਮੈਂਟ ਦੀ ਯੋਜਨਾ ਬਣਾਉਣ ਵੇਲੇ ਇਨਫਲੇਸ਼ਨ ਨੂੰ ਨਹੀਂ ਗਿਣਦੇ ਤਾਂ ਪੈਨਸ਼ਨ ਵਿੱਚ ਕਮੀ ਬਾਰੇ ਸੋਚੋ।

ਜੇ ਤੁਸੀਂ ਅੱਜ 30 ਸਾਲ ਦੇ ਹੋ, ਤਾਂ ਤੁਹਾਡੀ ਰਿਟਾਇਰਮੈਂਟ ਦੇ ਸਮੇਂ ਇਹ ਗਣਨਾ ਇਸ ਤਰ੍ਹਾਂ ਦੀ ਹੋਵੇਗੀ।

ਮੌਜੂਦਾ ਉਮਰ = 30 ਸਾਲ

ਮੌਜੂਦਾ ਖਰਚੇ = ₹ 10,000 ਪ੍ਰਤੀ ਮਹੀਨਾ

60 ਸਾਲ ਦੀ ਉਮਰ ਵਿੱਚ ਰਿਟਾਇਰ ਹੋ ਰਹੇ ਹੋ ਅਤੇ 80 ਤੱਕ ਦੀ ਯੋਜਨਾ ਬਣਾ ਰਹੇ ਹੋ

ਮਹਿੰਗਾਈ ਦਰ (ਇਨਫਲੇਸ਼ਨ) = 5%

ਰਿਟਾਇਰਮੈਂਟ ਤੇ ਇਨਫਲੇਸ਼ਨ ਨੂੰ ਜੋੜ ਕੇ ਖਰਚਿਆਂ ਦੀ ਰਕਮ = ₹ 43,000 ਪ੍ਰਤੀ ਮਹੀਨਾ

ਜੇਕਰ ਮਹਿੰਗਾਈ (ਇਨਫਲੇਸ਼ਨ) ਨੂੰ ਵਿੱਚ ਨਹੀਂ ਗਿਣਿਆ ਜਾਂਦਾ ਤਾਂ ਖਰਚਿਆਂ ਲਈ ਲੋੜੀਂਦੀ ਰਕਮ ਵਿੱਚ ਮਹੀਨਾਵਾਰ ਕਮੀ = ₹ 33,000

ਤੁਸੀਂ ਸਪੱਸ਼ਟ ਤੌਰ ਤੇ ਦੇਖ ਸਕਦੇ ਹੋ ਕਿ ਰਿਟਾਇਰਮੈਂਟ ਦੀ ਯੋਜਨਾ ਬਣਾਉਣ ਵੇਲੇ ਮਹਿੰਗਾਈ (ਇਨਫਲੇਸ਼ਨ) ਨੂੰ ਸਮਝਣਾ ਕਿੰਨਾ ਮਹੱਤਵਪੂਰਨ ਹੈ।

3. ਇਸਦਾ ਜਵਾਬ ਦੇਣ ਲਈ ਕਿ **ਕੀ ਤੁਸੀਂ ਜਲਦੀ ਰਿਟਾਇਰ ਹੋ ਸਕਦੇ ਹੋ,** ਤੁਹਾਨੂੰ ਰਿਟਾਇਰ ਹੋਣ ਵੇਲੇ ਲੋੜੀਂਦੀ ਰਕਮ ਦਾ ਪਤਾ ਲਗਾਉਣਾ ਪਵੇਗਾ।

ਉਸੇ ਉਦਾਹਰਣ ਨੂੰ ਜਾਰੀ ਰੱਖਦੇ ਹੋਏ।

ਤੁਸੀਂ 30 ਸਾਲ ਦੇ ਹੋ

ਤੁਹਾਡੇ ਮੌਜੂਦਾ ਮਹੀਨਾਵਾਰ ਖਰਚੇ ₹ 10,000 ਹਨ

ਮਹਿੰਗਾਈ ਦਰ (ਇਨਫਲੇਸ਼ਨ) 5% ਹੈ

ਤੁਹਾਡੀ ਰਿਟਰਨ ਔਨ ਪੈਨਸ਼ਨ ਇਨਵੈਸਟਮੈਂਟ 10% ਹੈ

ਤੁਸੀਂ ਚਾਹੁੰਦੇ ਹੋ ਕਿ ਤੁਹਾਡੀ ਕੀਤੀ ਹੋਈ ਬੱਚਤ 80 ਸਾਲ ਤੱਕ ਚੱਲੇ

ਜੇ ਤੁਸੀਂ 60 ਸਾਲ ਤੱਕ ਕੰਮ ਕਰਦੇ ਹੋ, ਤਾਂ ਤੁਹਾਨੂੰ ਪ੍ਰਤੀ ਮਹੀਨਾ ₹ 2,942 ਦਾ ਯੋਗਦਾਨ ਪਾਉਣਾ ਪਵੇਗਾ

ਪਰ ਜੇ ਤੁਸੀਂ 50 ਸਾਲ ਤੇ ਰਿਟਾਇਰ ਹੋਣ ਦਾ ਸੋਚ ਰਹੇ ਹੋ, ਤਾਂ ਤੁਹਾਨੂੰ ਹੋਰ ਜ਼ਿਆਦਾ ਬੱਚਤ ਕਰਨੀ ਪਵੇਗੀ — ਮਤਲਬ ਕਿ ₹ 6,660 ਪ੍ਰਤੀ ਮਹੀਨਾ

4. ਤੁਹਾਡੀ ਰਿਟਾਇਰਮੈਂਟ ਤੋਂ ਬਾਅਦ ਸਥਿਰ ਅਤੇ ਢੁੱਕਵੀਂ ਆਮਦਨ ਦੇ ਲਈ, ਇੱਕ ਮੁੱਖ ਨੁਕਤਾ ਜੋ ਤੁਹਾਨੂੰ ਯਾਦ ਰੱਖਣਾ ਚਾਹੀਦਾ ਹੈ ਉਹ ਹੈ **ਤੁਹਾਡੀ ਰਿਟਰਨ ਔਨ ਪੈਨਸ਼ਨ ਇਨਵੈਸਟਮੈਂਟ।**

ਜੇ ਤੁਸੀਂ ਚਾਹੁੰਦੇ ਹੋ ਕਿ ਰਿਟਰਨ (ਪ੍ਰਤੀਫਲ) ਇਨਫਲੇਸ਼ਨ ਨੂੰ ਪਿੱਛੇ ਛੱਡ ਦੇਵੇ, ਤਾਂ ਤੁਹਾਨੂੰ ਸਮਝਦਾਰੀ ਨਾਲ ਆਪਣੇ ਨਿਵੇਸ਼ ਦੀ ਚੋਣ ਕਰਨੀ ਚਾਹੀਦੀ ਹੈ। ਅਲੱਗ-ਅਲੱਗ ਨਿਵੇਸ਼ ਦੇ ਵਿਕਲਪਾਂ ਨਾਲ ਜੁੜੇ ਜੋਖਮਾਂ ਅਤੇ ਰਿਟਰਨਾਂ (ਪ੍ਰਤੀਫਲਾਂ) ਨੂੰ ਸਮਝੋ।

ਮੰਨ ਲਵੋ ਤੁਸੀਂ ₹ 500 ਪ੍ਰਤੀ ਮਹੀਨਾ ਨਿਵੇਸ਼ ਕੀਤਾ। ਹਰ ਕਿਸਮ ਦੇ ਨਿਵੇਸ਼ ਦੇ ਲਈ 30 ਸਾਲਾਂ ਦੇ ਅੰਤ ਵਿੱਚ ਤੁਹਾਡੀ ਅਨੁਮਾਨਿਤ ਰਿਟਰਨ ਔਨ ਪੈਨਸ਼ਨ ਇਨਵੈਸਟਮੈਂਟ ਵੱਖੋ-ਵੱਖਰੀ ਹੋਵੇਗੀ।

ਫਿਕਸਡ ਰਿਟਰਨ ਇਨਵੈਸਟਮੈਂਟ ਜਿਵੇਂ ਕਿ ਬੈਂਕ ਫਿਕਸਡ ਡਿਪਾਜ਼ਿਟ ਸੁਰੱਖਿਅਤ ਹਨ ਪਰ ਮਾਰਕਿਟ ਲਿੰਕਡ ਇਨਵੈਸਟਮੈਂਟ ਨਾਲੋਂ ਘੱਟ ਰਿਟਰਨ (ਲਾਭ) ਦਿੰਦੇ ਹਨ।

ਸਿਰਫ 6% ਪ੍ਰਤੀ ਸਾਲ ਦੀ ਦਰ ਨਾਲ ਫਿਕਸਡ ਰਿਟਰਨ ਵਿੱਚ ਨਿਵੇਸ਼ ਕਰਨ ਨਾਲ ਤੁਹਾਨੂੰ ₹ 5,00,000 ਮਿਲੇਗਾ। 12% ਪ੍ਰਤੀ ਸਾਲ ਦੀ ਦਰ ਨਾਲ ਇਕੁਇਟੀ ਵਿੱਚ ਨਿਵੇਸ਼ ਦੇ ਨਾਲ, ਤੁਹਾਡੇ ਕੋਲ ₹ 17,47,482 ਦਾ ਰਿਟਾਇਰਮੈਂਟ ਫੰਡ ਹੋਵੇਗਾ।

ਹੁਣ ਤੁਹਾਨੂੰ ਉਹਨਾਂ ਨੁਕਤਿਆਂ (ਕਾਰਨਾਂ) ਬਾਰੇ ਪਤਾ ਹੈ, ਜੋ ਰਿਟਾਇਰਮੈਂਟ ਦੀ ਯੋਜਨਾ ਨੂੰ ਪ੍ਰਭਾਵਿਤ ਕਰਦੇ ਹਨ, ਪਰ ਤੁਸੀਂ ਅਸਲ ਵਿੱਚ ਇਹਨਾਂ ਨੂੰ ਲਾਗੂ ਕਰਨ ਤੇ ਕਿਵੇਂ ਪਹੁੰਚੋਗੇ? ਵੇਰਵਿਆਂ ਲਈ ਪੜ੍ਹਨਾ ਜਾਰੀ ਰੱਖੋ।

ਆਪਣੀ ਰਿਟਾਇਰਮੈਂਟ ਦੀ ਯੋਜਨਾ ਬਣਾਉਣਾ

ਠੀਕ ਹੈ, ਆਓ ਤੁਹਾਡੀ ਰਿਟਾਇਰਮੈਂਟ ਦੀ ਯੋਜਨਾ ਬਣਾਉਣ ਬਾਰੇ ਗੱਲ ਕਰੀਏ। ਇਸਦੇ ਲਈ ਕੁੱਝ ਤਰੀਕੇ ਅਪਣਾਏ ਜਾ ਸਕਦੇ ਹਨ।

1. ਸਭ ਤੋਂ ਪਹਿਲਾਂ, ਤੁਹਾਨੂੰ ਆਪਣੀ ਰਿਟਾਇਰਮੈਂਟ ਲਈ ਬੱਚਤ ਕਰਨ ਲਈ **ਲੋੜੀਂਦੀ ਰਕਮ ਬਾਰੇ ਪਤਾ ਹੋਣਾ ਚਾਹੀਦਾ** ਹੈ। ਸੋਚ ਰਹੇ ਹੋਵੋਗੇ ਕਿ ਇਹ ਕਿਵੇਂ ਕਰਨਾ ਹੈ? ਰਿਟਾਇਰਮੈਂਟ ਕੈਲਕੁਲੇਟਰ ਇਦਵੇਂ ਦਾ ਦਿਖਾਈ ਦਿੰਦਾ ਹੈ।

- ਤੁਸੀਂ ਆਪਣੀ ਮਰਜ਼ੀ ਦੇ ਅਨੁਸਾਰ ਮਹੀਨਾਵਾਰ ਪੈਨਸ਼ਨ ਦਾ ਫੈਸਲਾ ਕਰ ਸਕਦੇ ਹੋ
- ਤੁਹਾਡੀ ਪੈਨਸ਼ਨ ਦੀ ਰਕਮ ਦੇ ਆਧਾਰ ਤੇ ਕੈਲਕੁਲੇਟਰ ਤੁਹਾਨੂੰ ਦੱਸਦਾ ਹੈ ਕਿ ਤੇ ਤੁਸੀਂ ਕਿੰਨਾ ਯੋਗਦਾਨ ਪਾਉਣਾ ਹੈ
- ਤੁਸੀਂ ਇੱਥੇ ਰਿਟਾਇਰਮੈਂਟ ਕੈਲਕੁਲੇਟਰ ਦਾ ਲਿੰਕ ਦੇਖ ਸਕਦੇ ਹੋ

www.npstrust.org.in/content/pension-calculator

ਇਹ ਸਾਰਣੀ ਤੁਹਾਨੂੰ ਤੁਹਾਡੀ ਉਮਰ ਦੇ ਹਿਸਾਬ ਨਾਲ **ਹਰ ਮਹੀਨੇ ਬੱਚਤ ਕਰਨ ਲਈ ਲੋੜੀਂਦੀ ਰਕਮ** ਦੱਸਦੀ ਹੈ ਤਾਂ ਜੋ ਤੁਹਾਡੇ ਰਿਟਾਇਰ ਹੋਣ ਤੱਕ ਤੁਹਾਡੇ ਕੋਲ ਕਾਫੀ ਸਾਰਾ ਫੰਡ (ਪੈਸਾ) ਹੋਵੇ।



2. ਅੱਗੇ, ਤੁਹਾਨੂੰ **ਆਪਣੀ ਮੌਜੂਦਾ ਸਥਿਤੀ ਦਾ ਮੁਲਾਂਕਣ ਕਰਨਾ ਪਵੇਗਾ**

- ਇਸ ਗੱਲ ਬਾਰੇ ਸੋਚੋ ਕਿ ਤੁਸੀਂ ਇਸ ਉਮਰ ਵਿੱਚ ਜੋ ਪੈਸਾ ਕਮਾਉਂਦੇ ਹੋ ਉਸ ਨਾਲ ਤੁਸੀਂ ਹੁਣ ਕਿੰਨੀ ਬਚਤ ਕਰ ਸਕਦੇ ਹੋ
- ਬੱਚਤ ਕਰਨਾ ਸ਼ੁਰੂ ਕਰੋ। ਜੇ ਰਕਮ ਥੋੜ੍ਹੀ ਵੀ ਹੈ ਤਾਂ ਚਿੰਤਾ ਨਾ ਕਰੋ। ਜਦੋਂ ਤੁਹਾਡੇ ਕੋਲ ਪੈਸਾ ਹੋਵੇ, ਬਾਅਦ ਵਿੱਚ ਜ਼ਿਆਦਾ ਬੱਚਤ ਕਰੋ।
- ਉਹਨਾਂ ਰਿਸਕ ਦਾ ਮੁਲਾਂਕਣ ਕਰੋ ਜੋ ਤੁਸੀਂ ਹੁਣ ਲੈ ਸਕਦੇ ਹੋ। ਤੁਸੀਂ ਛੋਟੇ ਮੁਨਾਫਿਆਂ ਨਾਲ ਸੁਰੱਖਿਅਤ ਨਿਵੇਸ਼ ਜਾਂ ਜੋਖਮ ਭਰੇ ਨਿਵੇਸ਼ਾਂ ਦੇ ਨਾਲ ਵੱਡੇ ਮੁਨਾਫਿਆਂ ਦੀ ਚੋਣ ਕਰ ਸਕਦੇ ਹੋ।

3. **ਅਖੀਰ ਵਿੱਚ, ਵੱਖੋ-ਵੱਖਰੀਆਂ ਪੈਨਸ਼ਨ ਯੋਜਨਾਵਾਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰੋ।**

- ਦੇਖੋ ਕਿ ਯੋਜਨਾ ਤੋਂ ਪੈਨਸ਼ਨ ਮਿਲਦੀ ਹੈ (ਐਨਪੀਐਸ - ਨੈਸ਼ਨਲ ਪੈਨਸ਼ਨ ਸਿਸਟਮ, ਇੰਸ਼ੋਰੈਂਸ ਅਤੇ ਹੋਰ)
- ਦੇਖੋ ਕਿ ਯੋਜਨਾ ਤੋਂ ਤੁਹਾਨੂੰ ਗਾਰੰਟੀਸ਼ੁਦਾ ਪੈਨਸ਼ਨ ਮਿਲਣ ਵਿੱਚ ਸਹਾਇਤਾ ਮਿਲਦੀ ਹੈ
- ਪਤਾ ਕਰੋ ਕਿ ਤੁਹਾਡੀ ਪੈਨਸ਼ਨ ਯੋਜਨਾ ਕਿਹੜੀਆਂ ਐਸੈਟ ਸ਼੍ਰੇਣੀਆਂ ਵਿੱਚ ਨਿਵੇਸ਼ ਕਰਦੀ ਹੈ

ਇੱਕ ਵਾਰ ਜਦੋਂ ਤੁਸੀਂ ਅਲੱਗ-ਅਲੱਗ ਕਿਸਮਾਂ ਦੀਆਂ ਉਪਲਬਧ ਯੋਜਨਾਵਾਂ ਦੀ ਸਮੀਖਿਆ ਕਰ ਲੈਂਦੇ ਹੋ ਅਤੇ ਇਸ ਵਿੱਚ ਸ਼ਾਮਲ ਵਿੱਤੀ ਲਾਭਾਂ ਅਤੇ ਰਿਸਕ ਨੂੰ ਸਮਝ ਲੈਂਦੇ ਹੋ ਤਾਂ ਫੈਸਲਾ ਲਵੋ। ਨਾਲ ਹੀ, ਮੈਂ ਹਮੇਸ਼ਾ ਤੁਹਾਡੀ ਸਹਾਇਤਾ ਲਈ ਲਈ ਮੌਜੂਦ ਹਾਂ। ਤੁਸੀਂ ਕਾਲ ਸੈਂਟਰ ਨੰਬਰ 1800110708 ਅਤੇ 1800110069 ਤੇ ਮੇਰੇ ਨਾਲ, ਆਪਣੀ ਪੈਨਸ਼ਨ ਫੰਡ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਟੀ ਸਪੋਰਟ ਨਾਲ ਸੰਪਰਕ ਕਰ ਸਕਦੇ ਹੋ। ਤੁਸੀਂ ਨੈਸ਼ਨਲ ਪੈਨਸ਼ਨ ਸਿਸਟਮ ਅਤੇ ਅਟਲ ਪੈਨਸ਼ਨ ਯੋਜਨਾ ਸੰਬੰਧੀ ਸਵਾਲਾਂ ਲਈ ਕ੍ਰਮਵਾਰ 1800222080 ਅਤੇ 18008891030 ਤੇ ਸਾਡੇ ਨਾਲ ਸੰਪਰਕ ਕਰ ਸਕਦੇ ਹੋ।

ਮਨੀਰਾਮ ਮੰਤਰ

ਆਪਣੀ **ਰਿਟਾਇਰਮੈਂਟ ਦੀ ਯੋਜਨਾ** ਬਣਾਉਣਾ ਇਸ ਗੱਲ ਨੂੰ ਸਮਝਣ ਨਾਲ ਸ਼ੁਰੂ ਹੁੰਦਾ ਹੈ ਕਿ ਤੁਸੀਂ ਆਪਣੇ ਅੰਦਾਜ਼ਨ ਖਰਚਿਆਂ ਅਤੇ ਮੌਜੂਦਾ ਉਮਰ ਦੇ ਆਧਾਰ ਤੇ ਕਿੰਨੀ ਬੱਚਤ ਕਰ ਸਕਦੇ ਹੋ।

ਆਪਣੀ ਪੈਨਸ਼ਨ ਇਨਵੈਸਟਮੈਂਟ ਲਈ ਤੁਹਾਡੇ ਕੋਲ **ਮੌਜੂਦ ਵਿਕਲਪਾਂ** ਦਾ ਪਤਾ ਲਗਾਓ।

ਅਲੱਗ-ਅਲੱਗ ਵਿਕਲਪਾਂ ਲਈ **ਰਿਸਕ** ਅਤੇ ਰਿਟਰਨਾਂ (ਲਾਭਾਂ) **ਨੂੰ ਸਮਝੋ।**

ਅਧਿਆਇ 03

ਪੈਨਸ਼ਨ ਯੋਜਨਾ ਦੀਆਂ ਵਿਸ਼ੇਸ਼ਤਾਵਾਂ: ਮੁੱਖ ਵਿਚਾਰ

ਤੁਸੀਂ ਹੁਣ ਰਿਟਾਇਰਮੈਂਟ ਦੀ ਯੋਜਨਾ ਬਣਾਉਣ ਵੇਲੇ ਮਹਿੰਗਾਈ (ਇਨਫਲੇਸ਼ਨ) ਦੇ ਮਹੱਤਵ ਨੂੰ ਸਮਝ ਸਕਦੇ ਹੋ। ਮਹਿੰਗਾਈ (ਇਨਫਲੇਸ਼ਨ) ਤੋਂ ਪਾਰ ਪਾਉਣ ਲਈ ਤੁਹਾਡਾ ਪੈਸਾ ਤੇਜ਼ੀ ਨਾਲ ਵਧਣਾ ਚਾਹੀਦਾ ਹੈ।

> ਮਾਰਕਿਟ ਵਿੱਚ ਬਹੁਤ ਸਾਰੀਆਂ ਯੋਜਨਾਵਾਂ ਹੋਣ ਦੇ ਨਾਲ, ਇਹ ਫੈਸਲਾ ਕਰਨਾ ਮੁਸ਼ਕਿਲ ਹੋ ਸਕਦਾ ਹੈ ਕਿ ਕਿਹੜੀ ਯੋਜਨਾ ਤੁਹਾਡੇ ਲਈ ਸਭ ਤੋਂ ਢੁੱਕਵੀਂ ਹੈ। ਜਾਣਕਾਰੀ ਇਕੱਠੀ ਕਰਕੇ ਫੈਸਲਾ ਲੈਣ ਵਿੱਚ ਤੁਹਾਡੀ ਮੱਦਦ ਕਰਨ ਲਈ, ਮੈਨੂੰ ਮੁੱਢਲੀਆਂ ਗੱਲਾਂ ਬਾਰੇ ਚਰਚਾ ਕਰਨ ਦਿਓ – ਮੈਂ ਵਿੱਤੀ ਮੁਨਾਫਿਆਂ 'ਤੇ ਬਾਅਦ ਵਿੱਚ ਆਵਾਂਗਾ।

1. ਸਭ ਤੋਂ ਪਹਿਲਾਂ, **ਇਹ ਪਛਾਣ ਕਰੋ ਕਿ ਤੁਹਾਡੇ ਨਿਵੇਸ਼ ਵਿਕਲਪ ਨੂੰ ਕਿੰਨੀ ਚੰਗੀ ਤਰ੍ਹਾਂ ਰੈਗੂਲੇਟ (ਨਿਯੰਤ੍ਰਿਤ) ਕੀਤਾ ਗਿਆ ਹੈ।**

- ਅਧਿਨਿਯਮ ਇਹ ਯਕੀਨੀ ਬਣਾਉਂਦੇ ਹਨ ਕਿ ਤੁਹਾਡੇ ਪੈਸੇ ਦਾ ਜ਼ਿੰਮੇਵਾਰੀ ਨਾਲ ਨਿਵੇਸ਼ ਕੀਤਾ ਜਾਵੇ
- ਤੁਹਾਡੇ ਕੀਤੇ ਗਏ ਨਿਵੇਸ਼ਾਂ ਨੂੰ ਰੈਗੂਲੇਟਰ ਦੁਆਰਾ ਜਾਰੀ ਯੋਜਨਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੰਭਾਲਿਆ ਜਾਂਦਾ ਹੈ

2. ਦੂਜਾ, **ਆਪਣੀ ਪੈਨਸ਼ਨ ਯੋਜਨਾ ਬਣਾਉਣ ਦੇ ਲਈ ਕੀਮਤ ਦੀ ਗਣਨਾ ਕਰੋ।**

- ਜ਼ਿਆਦਾ ਕੀਮਤ ਦਾ ਮਤਲਬ ਹੈ ਘੱਟ ਰਿਟਰਨ (ਲਾਭ) — ਯਾਦ ਰੱਖੋ!
- ਜ਼ਿਆਦਾ ਕੀਮਤ ਤੁਹਾਡੇ ਨਿਵੇਸ਼ ਦੀ ਰਿਟਰਨ (ਲਾਭ) ਨੂੰ ਵੀ ਘਟਾ ਦਿੰਦੀ ਹੈ, ਇਸ ਲਈ ਘੱਟ ਕੀਮਤ ਵਾਲੇ ਨਿਵੇਸ਼ ਲਭਣ ਦੀ ਕੋਸ਼ਿਸ਼ ਕਰੋ

3. ਤੀਜਾ, ਇਹ ਦੇਖੋ ਕਿ **ਪੈਨਸ਼ਨ ਯੋਜਨਾ ਕਿੰਨੀ ਪਾਰਦਰਸ਼ੀ ਹੈ**

ਜੇ ਪੈਨਸ਼ਨ ਯੋਜਨਾ ਤੁਹਾਨੂੰ ਇਹ ਸਪੱਸ਼ਟ ਰੂਪ ਵਿੱਚ ਦੱਸਦੀ ਹੈ ਕੀ ਖਰਚੇ ਹਨ ਅਤੇ ਪੈਨਸ਼ਨ ਲਈ ਦਿੱਤੇ ਗਏ ਯੋਗਦਾਨ ਦਾ ਕਿਵੇਂ ਨਿਵੇਸ਼ ਕੀਤਾ ਜਾਵੇਗਾ, ਫੈਸਲਾ ਲੈਣਾ ਸੌਖਾ ਹੋ ਜਾਂਦਾ ਹੈ

4. ਚੌਥਾ, ਇਹ ਪਤਾ ਕਰੋ ਕਿ **ਕੀ ਪੈਨਸ਼ਨ ਯੋਜਨਾ ਸਰਵਿਸ ਡਿਲੀਵਰੀ ਪ੍ਰਦਾਨ ਕਰਦੀ ਹੈ ਅਤੇ ਸ਼ਿਕਵਿਆਂ/ਸ਼ਿਕਾਇਤਾਂ ਨੂੰ ਹੱਲ ਕਰਦੀ ਹੈ।**

- ਤੁਹਾਡੀਆਂ ਸ਼ਿਕਾਇਤਾਂ ਨੂੰ ਹੱਲ ਕਰਨ ਦਾ ਕੋਈ ਤਰੀਕਾ ਹੈ — ਅਤੇ ਇਹ ਛੇਤੀ ਅਤੇ ਨਿਰਣਾਇਕ ਢੰਗ ਨਾਲ ਕੀਤਾ ਜਾਂਦਾ ਹੈ
- ਇਸ ਵਿੱਚ ਸੰਚਾਰ ਦਾ ਸੁਵਿਧਾਜਨਕ ਮਾਧਿਅਮ ਹੋਣਾ ਚਾਹੀਦਾ ਹੈ ਜਿੱਥੇ ਲੋੜ ਪੈਣ ਤੇ ਹੱਲ ਪ੍ਰਦਾਨ ਕਰਨ ਲਈ ਕੋਈ ਉਪਲਬਧ ਹੋਵੇ

5. ਅੱਗੇ, ਇਹ ਪਤਾ ਕਰੋ ਕਿ **ਯੋਜਨਾ** ਦਾ ਸ਼ੁਰੂਆਤ ਤੋਂ ਲੈ ਕੇ ਪਿਛਲੇ ਪੰਜ ਤੋਂ ਸੱਤ ਸਾਲਾਂ ਵਿੱਚ **ਪ੍ਰਦਰਸ਼ਨ ਕਿਵੇਂ ਦਾ ਰਿਹਾ ਹੈ।**

- ਰਿਟਰਨ ਇਕਸਾਰ ਹੋਣਾ ਚਾਹੀਦੀ ਹੈ
- ਰਿਟਰਨ ਇੱਕ ਸਾਲ ਘੱਟ ਅਤੇ ਦੂਜੇ ਸਾਲ ਜ਼ਿਆਦਾ ਨਹੀਂ ਹੋਣਾ ਚਾਹੀਦੀ

6. ਅਤੇ ਅਖੀਰ ਵਿੱਚ ਇਹ ਦੇਖੋ ਕੇ ਕੀ ਪੈਨਸ਼ਨ ਯੋਜਨਾ **ਔਨਲਾਈਨ ਸੇਵਾਵਾਂ ਪ੍ਰਦਾਨ ਕਰਦੀ ਹੈ।**

ਮੈਨੂੰ ਔਨਲਾਈਨ ਸੇਵਾਵਾਂ ਦੇ ਮਹੱਤਵ 'ਤੇ ਜ਼ਿਆਦਾ ਜ਼ੋਰ ਦੇਣ ਦੀ ਲੋੜ ਨਹੀਂ। ਤੁਹਾਨੂੰ ਪਤਾ ਹੀ ਹੈ ਕਿ ਅੱਜ-ਕੱਲ੍ਹ ਔਨਲਾਈਨ ਹੋਣ ਵਾਲੀਆਂ ਚੀਜ਼ਾਂ ਨਾਲ ਤੁਹਾਡੀ ਜ਼ਿੰਦਗੀ ਕਿੰਨੀ ਸੌਖਾਲੀ ਹੋ ਗਈ ਹੈ।

ਇੱਕ ਵਾਰ ਜਦੋਂ ਤੁਸੀਂ ਇਹਨਾਂ ਮਹੱਤਵਪੂਰਨ ਨੁਕਤਿਆਂ ਨੂੰ ਧਿਆਨ ਵਿੱਚ ਰੱਖੋਗੇ, ਸਹੀ ਪੈਨਸ਼ਨ ਇਨਵੈਸਟਮੈਂਟ (ਨਿਵੇਸ਼) ਦੀ ਚੋਣ ਕਰਨੀ ਸੌਖੀ ਹੋ ਜਾਵੇਗੀ।

ਰਿਟਾਇਰਮੈਂਟ ਲਈ ਇਨਵੈਸਟਮੈਂਟ ਵਿਕਲਪ

ਸਹੀ ਨਿਵੇਸ਼ ਦਾ ਵਿਕਲਪ ਚੁਣਨ ਦੇ ਲਈ ਬਹੁਤ ਸਾਰੀ ਸੋਚ ਵਿਚਾਰ ਅਤੇ ਯੋਜਨਾਬੰਦੀ ਦੀ ਲੋੜ ਹੁੰਦੀ ਹੈ। ਅਤੇ, ਬਹੁਤ ਸਾਰੀ ਉਲਝਣ ਵੀ ਹੋ ਸਕਦੀ ਹੈ। ਇਸ ਲਈ ਮੈਂ ਇੱਥੇ ਹਾਂ।

ਤੁਸੀਂ ਇੰਸ਼ੋਰੈਂਸ ਕੰਪਨੀਆਂ ਅਤੇ ਮਿਊਚਲ ਫੰਡ ਵੱਲੋਂ ਨੈਸ਼ਨਲ ਪੈਨਸ਼ਨ ਸਿਸਟਮ, ਅਟਲ ਪੈਨਸ਼ਨ ਯੋਜਨਾ, ਪਬਲਿਕ ਪ੍ਰੌਵੀਡੈਂਟ ਫੰਡ ਅਤੇ ਪੈਨਸ਼ਨ ਸਕੀਮਾਂ ਦੀ ਚੋਣ ਕਰ ਸਕਦੇ ਹੋ। ਤੁਹਾਡੇ ਸਮਝਣ ਦੇ ਲਈ ਮੈਂ ਹਰੇਕ ਦੇ ਸਰੂਪਾਂ ਨੂੰ ਸੂਚੀਬੱਧ ਕੀਤਾ ਹੈ। ਜੋ ਵੀ ਤੁਹਾਡੇ ਲਈ ਸਭ ਤੋਂ ਵਧੀਆ ਹੈ, ਤੁਹਾਨੂੰ ਉਸ ਨਾਲ ਜਾਣਾ ਚਾਹੀਦਾ ਹੈ।

ਇਹਨਾਂ ਯੋਜਨਾਵਾਂ ਦੀਆਂ ਕੁੱਝ ਪ੍ਰਮੁੱਖ ਵਿਸ਼ੇਸ਼ਤਾਵਾਂ ਤੇ ਇੱਕ ਨਜ਼ਰ ਮਾਰੋ।

	ਨੈਸ਼ਨਲ ਪੈਨਸ਼ਨ ਸਿਸਟਮ	ਅਟਲ ਪੈਨਸ਼ਨ ਯੋਜਨਾ	ਪਬਲਿਕ ਪ੍ਰੋਵੀਡੈਂਟ ਫੰਡ	ਮਿਊਚਲ ਫੰਡ	ਇੰਸ਼ੋਰੈਂਸ ਕੰਪਨੀਆਂ ਵੱਲੋਂ ਪੈਨਸ਼ਨ ਸਕੀਮਾਂ
ਇਹ ਕਿੱਥੇ ਨਿਵੇਸ਼ ਕਰਦਾ ਹੈ	ਇਕੁਇਟੀ/ਬੌਂਡ	ਇਕੁਇਟੀ/ਬੌਂਡ	ਬੌਂਡ ਅਤੇ ਹੋਰ	ਇਕੁਇਟੀ/ਬੌਂਡ	ਇਕੁਇਟੀ/ਬੌਂਡ
ਫਿਕਸਡ ਰਿਟਰਨ	ਨਹੀਂ	ਪੈਨਸ਼ਨ ਦੀ ਰਕਮ	ਹਾਂ	ਨਹੀਂ	ਨਹੀਂ
ਇਨਵੈਸਟਰ ਦੀ ਕੀਮਤ	0.26-0.3%	ਉਪਲਬਧ ਨਹੀਂ ਹੈ	ਕੋਈ ਨਹੀਂ	1-2%	>5%
ਫਾਇਦੇ	1. ਪੋਰਟੇਬਲ 2. ਘੱਟ ਕੀਮਤ 3. ਪਾਏ ਗਏ ਯੋਗਦਾਨ ਲਈ ਸੈਕਸ਼ਨ 80 ਸੀ ਦੇ ਅਧੀਨ ਟੈਕਸ ਬੈਨੀਫਿੱਟ ਅਤੇ ਸੈਕਸ਼ਨ 80 ਸੀ ਸੀ ਡੀ (1ਬੀ) ਦੇ ਅਧੀਨ ₹ 50,000 ਦੇ ਵਿਸ਼ੇਸ਼ ਲਾਭ ਲਏ ਜਾ ਸਕਦੇ ਹਨ। 4. ਇੱਕ ਮੁਸ਼ਤ + ਨਿਯਮਿਤ ਪੈਨਸ਼ਨ 5. ਸ਼ਰਤਾਂ ਦੇ ਅਧੀਨ, ਪੈਸੇ ਕਢਵਾਏ ਜਾ ਸਕਦੇ ਹਨ 6. ਪਹਿਲਾ ਬੰਦ ਕਰਨਾ ਸੰਭਵ ਹੈ 7. ਕਡਵਾਏ ਗਏ ਪੈਸੇ ਟੈਕਸ ਮੁਕਤ ਹਨ 8. ਜਦੋਂ ਤੁਸੀਂ ਐਨੂਅਟੀ ਖਰੀਦਦੇ ਤਾਂ ਜੀ ਐੱਸ ਟੀ ਲੱਗਦਾ	1. ਸ਼ਰਤਾਂ ਦੇ ਅਧੀਨ, ਪਹਿਲਾ ਬੰਦ ਕਰਨਾ ਸੰਭਵ ਹੈ 2.ਯੋਗਦਾਨ ਦੇ ਆਧਾਰ ਤੇ ਪੈਨਸ਼ਨ ਦੀ ਨਿਸ਼ਚਿਤ ਰਕਮ 3. ਸੈਕਸ਼ਨ 80 ਸੀ ਸੀ ਡੀ (1ਬੀ) ਦੇ ਅਧੀਨ ਪਾਏ ਗਏ ਯੋਗਦਾਨ ਲਈ ਟੈਕਸ ਬੈਨੀਫਿੱਟ	1.ਪੋਰਟੇਬਲ 2. ਕੇਵਲ ਇੱਕ ਮੁਸ਼ਤ ਬੈਨੀਫਿੱਟ 3. ਫਿਕਸਡ ਰਿਟਰਨ 4. 80 ਸੀ ਦੇ ਅਧੀਨ ਟੈਕਸ ਬੈਨੀਫਿੱਟ 5. ਸ਼ਰਤਾਂ ਦੇ ਅਧੀਨ, ਪਹਿਲਾ ਬੰਦ ਕਰਨਾ ਸੰਭਵ ਹੈ	1. ਕੋਈ ਲੌਕ-ਇਨ ਪੀਰੀਅਡ ਨਹੀਂ; ਐਗਜ਼ਿਟ ਚਾਰਜ (ਵਿੱਚ ਛੱਡਣ ਦੇ ਪੈਸੇ) ਲਏ ਜਾਣਗੇ 2. ਚੁਣਨ ਲਈ ਕਈ ਤਰ੍ਹਾਂ ਦੀਆਂ ਸਕੀਮਾਂ 3. 80 ਸੀ ਦੇ ਅਧੀਨ ਟੈਕਸ ਬੈਨੀਫਿੱਟ	1. ਲਾਈਫ ਕਵਰ ਦੇ ਨਾਲ ਆਉਂਦਾ ਹੈ 2. 80 ਸੀ ਦੇ ਅਧੀਨ ਟੈਕਸ ਬੈਨੀਫਿੱਟ
ਨੁਕਸਾਨ	1. ਘੱਟ ਤੋਂ ਘੱਟ ਲੌਕ ਇਨ ਪੀਰੀਅਡ 5 ਸਾਲ; ਐਗਜ਼ਿਟ ਚਾਰਜ (ਵਿੱਚ ਛੱਡਣ ਦੇ ਪੈਸਿਆਂ) ਦੇ ਨਾਲ	1. ਕੋਈ ਨਿਵੇਸ਼ ਵਿਕਲਪ ਨਹੀਂ	1. ਘੱਟ ਤੋਂ ਘੱਟ ਲੌਕ-ਇਨ ਪੀਰੀਅਡ 5 ਸਾਲ; ਐਗਜ਼ਿਟ ਚਾਰਜ (ਵਿੱਚ ਛੱਡਣ ਦੇ ਪੈਸਿਆਂ) ਦੇ ਨਾਲ 2. ਵੱਧ ਤੋਂ ਵੱਧ ਨਿਵੇਸ਼ ਅਤੇ ਰਿਟਰਨ ਸੀਮਤ ਹੈ	1. ਉਲਝਾਉਣ ਵਾਲਾ- ਚੁਣਨ ਲਈ ਬਹੁਤ ਸਾਰੇ ਫੰਡ 2. ਫੰਡਾਂ ਨੂੰ ਚੈੱਕ ਕਰਦੇ ਰਹਿਣਾ ਪਵੇਗਾ।	ਬਹੁਤ ਜ਼ਿਆਦਾ ਕੀਮਤ, ਇਸ ਕਰ ਕੇ ਇਨਵੈਸਟਰ ਰਿਟਰਨ ਨੂੰ ਘਟਾਉਂਦਾ ਹੈ

ਪੈਨਸ਼ਨ ਦਾ ਫਾਇਦਾ

ਜਦੋਂ ਤੁਸੀਂ ਰਿਟਾਇਰ ਹੁੰਦੇ ਹੋ, ਤਾਂ ਹੋ ਸਕਦਾ ਹੈ ਕਿ ਤੁਸੀਂ ਕਾਫੀ ਸਾਰਾ ਫੰਡ (ਪੈਸਾ) ਇਕੱਠਾ ਕਰ ਲਿਆ ਹੋਵੇਗਾ (ਇਹ ਇੱਕ ਵੱਡੀ ਰਕਮ ਵਾਂਗ ਲੱਗੇਗਾ) ਪਰ ਤੁਸੀਂ ਅਜੇ ਵੀ ਦੁਬਿਧਾ ਵਿੱਚ ਹੋ ਸਕਦੇ ਹੋ। ਕੀ ਤੁਹਾਨੂੰ ਇਸ ਨੂੰ ਇੱਕ-ਮੁਸ਼ਤ ਦੇ ਰੂਪ ਵਿੱਚ ਰੱਖਣਾ ਚਾਹੋਗੇ ਜਾਂ ਇਸ ਨੂੰ ਨਿਯਮਿਤ ਅੰਤਰਾਲ ਤੇ ਪੇਮੈਂਟ (ਭੁਗਤਾਨ) ਵਿੱਚ ਬਦਲਣਾ ਚਾਹੋਗੇ, ਜੋ ਕਿ ਤੁਹਾਡੀ ਤਨਖਾਹ ਦਾ ਬਦਲ ਹੋ ਸਕਦਾ ਹੈ?

ਇੱਕ-ਮੁਸ਼ਤ ਰਕਮ ਤੁਹਾਡੇ ਕਰਜ਼ਿਆਂ ਦਾ ਭੁਗਤਾਨ ਕਰਨ, ਤੁਹਾਡੇ ਪਰਿਵਾਰ 'ਤੇ ਖਰਚ ਕਰਨ ਜਾਂ ਛੁੱਟੀਆਂ ਮਨਾਉਣ ਵਿੱਚ ਤੁਹਾਡੀ ਸਹਾਇਤਾ ਕਰੇਗੀ। ਹਾਲਾਂਕਿ, ਕਈ ਵਿਸ਼ਵ ਪੱਧਰੀ ਅਧਿਐਨ ਦਰਸਾਉਂਦੇ ਹਨ ਕਿ ਇੱਕ-ਮੁਸ਼ਤ 'ਰਿਟਾਇਰਮੈਂਟ ਪੌਟ' ਜਲਦੀ ਖਤਮ ਹੋ ਜਾਂਦਾ ਹੈ, ਕਈ ਵਾਰ ਤਾਂ ਰਿਟਾਇਰਮੈਂਟ ਤੋਂ ਸਿਰਫ ਪੰਜ ਸਾਲ ਬਾਅਦ ਹੀ। ਯਾਦ ਰੱਖੋ, 60 ਤੱਕ ਪਹੁੰਚਣ ਤੋਂ ਬਾਅਦ ਕਿਸੇ ਵਿਅਕਤੀ ਦੇ 20 ਸਾਲ ਤੋਂ ਵੱਧ ਜਿਉਣ ਦੀ ਉਮੀਦ ਕੀਤੀ ਜਾਂਦੀ ਹੈ।
ਦੂਜੇ ਪਾਸੇ, ਨਿਯਮਤ ਰਿਟਾਇਰਮੈਂਟ ਆਮਦਨੀ, ਵਧੇਰੇ ਉਮੀਦ ਦੇ ਮੁਤਾਬਿਕ ਹੁੰਦੀ ਹੈ ਅਤੇ ਮਹੀਨਾਵਾਰ ਖਰਚੇ ਦਾ ਵਧੇਰੇ ਆਸਾਨੀ ਨਾਲ ਪ੍ਰਬੰਧ ਕਰਨ ਵਿੱਚ ਮਦਦ ਕਰਦੀ ਹੈ ਅਤੇ ਰੁਜ਼ਗਾਰ ਦੇ ਸਾਲਾਂ ਦੌਰਾਨ ਨਿਯਮਿਤ ਤਨਖਾਹ ਦੇ ਬਦਲ ਦੇ ਰੂਪ ਵਿੱਚ ਹੁੰਦੀ ਹੈ।

ਇੱਕ-ਮੁਸ਼ਤ ਪੇਮੈਂਟ ਦੇ ਮੁਕਾਬਲੇ ਪੈਨਸ਼ਨ ਦੇ ਫਾਇਦਿਆਂ ਨੂੰ ਸਮਝਣ ਲਈ ਹੇਠਾਂ ਦਿੱਤੀ ਗਈ ਤੁਲਨਾ ਤੇ ਨਜ਼ਰ ਮਾਰੋ।

ਪੈਨਸ਼ਨ/ਐਨੂਅਟੀ	ਇੱਕ-ਮੁਸ਼ਤ ਪੇਮੈਂਟ
ਨਿਯਮਿਤ ਪੇਆਊਟ ਦੀ ਗਰੰਟੀ	ਕੋਈ ਨਿਯਮਿਤ ਪੇਆਊਟ ਨਹੀਂ
ਵਿੱਤੀ ਸੁਰੱਖਿਆ ਦੀ ਬਿਹਤਰ ਸਮਝ ਪ੍ਰਦਾਨ ਕਰਦੀ ਹੈ	ਕਢਵਾਉਣ ਵੇਲੇ ਵਧੇਰੇ ਖੁੱਲ੍ਹ ਦਿੰਦਾ ਹੈ, ਪਰ ਤੁਹਾਡੇ ਤੇ ਵੱਡੀ ਜ਼ਿੰਮੇਵਾਰੀ ਵੀ ਹੁੰਦੀ ਹੈ
ਖਰਚਿਆਂ ਦਾ ਪ੍ਰਬੰਧ ਕਰਨ ਦੀ ਜ਼ਿਆਦਾ ਸੰਭਾਵਨਾ	ਜ਼ਿਆਦਾ ਖਰਚ ਕਰਨ ਦੀ ਸੰਭਾਵਨਾ
ਤੁਹਾਨੂੰ ਆਪਣੇ ਜੀਵਨ ਕਾਲ ਦੌਰਾਨ ਗਾਰੰਟੀਸ਼ੁਦਾ ਪੇਮੈਂਟ ਮਿਲਦੀ ਹੈ	ਤੁਹਾਨੂੰ ਅਹਿਸਾਸ ਹੋਣ ਤੋਂ ਪਹਿਲਾਂ ਪੈਸੇ ਦੇ ਖਤਮ ਹੋਣ ਦੀ ਬਹੁਤ ਜ਼ਿਆਦਾ ਸੰਭਾਵਨਾ ਹੈ
ਤੁਹਾਡੀ ਰਿਟਾਇਰਮੈਂਟ ਦੇ ਦੌਰਾਨ ਵੀ ਬੱਚਤ ਦੀ ਯੋਜਨਾ ਬਣਾਉਣ ਵਿੱਚ ਤੁਹਾਡੀ ਮੱਦਦ ਕਰ ਸਕਦਾ ਹੈ	ਨਿਯਮਿਤ ਆਮਦਨ ਪ੍ਰਾਪਤ ਕਰਨਾ ਯਕੀਨੀ ਬਣਾਉਣ ਦੇ ਲਈ ਬਹੁਤ ਸਾਰੇ ਵਿਸਤ੍ਰਿਤ ਵਿੱਤੀ ਗਿਆਨ ਅਤੇ ਨਿਰੰਤਰ ਨਿਗਰਾਨੀ ਦੀ ਲੋੜ ਹੁੰਦੀ ਹੈ

ਤਾਂ, ਅੱਗੇ ਕੀ?

ਅਸੀਂ ਬਹੁਤ ਸਾਰੀਆਂ ਯੋਜਨਾਵਾਂ ਤੇ ਚਰਚਾ ਕੀਤੀ ਹੈ ਪਰ ਤੁਹਾਨੂੰ ਮੁੱਖ ਰੂਪ ਵਿੱਚ ਦੋ ਨੂੰ ਸਮਝਣ ਦੀ ਲੋੜ ਹੈ, ਜਿਹਨਾਂ ਦਾ ਨਾਮ — ਨੈਸ਼ਨਲ ਪੈਨਸ਼ਨ ਸਿਸਟਮ ਅਤੇ ਅਟਲ ਪੈਨਸ਼ਨ ਯੋਜਨਾ ਹੈ। ਇਹ ਮੈਨੂੰ ਪੱਕਾ ਯਕੀਨ ਹੈ ਕੇ ਜ਼ਿਆਦਾਤਰ ਲੋਕਾਂ ਦੀਆਂ ਉਮੀਦਾਂ ਤੇ ਖਰਾ ਉਤਰਨਗੀਆਂ।
ਪਰ ਇਸ ਤੋਂ ਪਹਿਲਾਂ ਕਿ ਅਸੀਂ ਨੈਸ਼ਨਲ ਪੈਨਸ਼ਨ ਸਿਸਟਮ ਅਤੇ ਅਟਲ ਪੈਨਸ਼ਨ ਯੋਜਨਾ ਦੇ ਅਗਲੇ ਅਧਿਆਏ ਵੱਲ ਵਧੀਏ, ਮੈਂ ਕੁੱਝ ਇਹਤਿਆਤ ਉਪਾਵਾਂ ਤੇ ਚਾਨਣਾ ਪਾਉਣਾ ਚਾਹੁੰਦਾ ਹਾਂ ਜੋ ਤੁਹਾਨੂੰ ਸਾਰਿਆਂ ਨੂੰ ਅੱਜ ਤੋਂ ਹੀ ਲੈਣੇ ਚਾਹੀਦੇ ਹਨ।

ਨਿਯਮਿਤ ਪੈਨਸ਼ਨ ਦੇ ਲਈ ਪਹਿਲਾਂ ਤੋਂ ਯੋਜਨਾ ਬਣਾਓ ਅਤੇ ਵਿੱਤੀ ਪੱਖ ਤੋਂ ਚੰਗੇ ਰਹੋ

- ਆਪਣੇ ਖਰਚਿਆਂ ਤੇ ਨਜ਼ਰ ਰੱਖੋ
- ਖਪਤ, ਜੀਵਨ ਸ਼ੈਲੀ ਅਤੇ ਖਰਚਿਆਂ ਲਈ ਕਰਜ਼ਾ ਲੈਣ ਤੋਂ ਬਚੋ
- ਆਪਣੇ ਵਿੱਤੀ ਦਸਤਾਵੇਜ਼ਾਂ ਨੂੰ ਸਹੀ ਢੰਗ ਨਾਲ ਰੱਖੋ
- ਹਮੇਸ਼ਾ ਆਪਣੇ ਨੌਮਿਨੀ ਦਾ ਵੇਰਵਾ ਅੱਪਡੇਟ ਰੱਖੋ

ਧੋਖੇਬਾਜ਼ਾਂ ਤੋਂ ਸੁਚੇਤ ਰਹੋ

- ਅਜਨਬੀਆਂ ਨਾਲ ਕੋਈ ਵੀ ਵਿੱਤੀ ਜਾਣਕਾਰੀ ਸਾਂਝੀ ਨਾ ਕਰੋ ਕਿਸੇ ਨੂੰ ਵੀ ਆਪਣੇ ਡੈਬਿਟ ਕਾਰਡ ਅਤੇ ਵੇਰਵੇਨਾ ਦਿਉ
- ਡਿਜੀਟਲ ਲੈਣ-ਦੇਣ ਵੇਲੇ ਜ਼ਿਆਦਾ ਸਾਵਧਾਨੀ ਵਰਤੋ
- ਕਿਸੇ ਅਜਨਬੀ ਤੋਂ ਆਪਣੇ ਅਕਾਊਂਟ ਵਿੱਚ ਪੈਸੇ ਪਵਾਉਣ ਲਈ ਰਾਜ਼ੀ ਨਾ ਹੋਵੋ
- ਕਿਸੇ ਅਜਨਬੀ ਤੋਂ ਆਪਣੇ ਅਕਾਊਂਟ ਵਿੱਚ ਪੈਸੇ ਪਵਾਉਣ ਲਈ ਰਾਜ਼ੀ ਨਾ ਹੋਵੋ
- ਕਿਸੇ ਨੂੰ ਵੀ ਆਪਣਾ ਫੋਨ/ਕੰਪਿਊਟਰ ਵਰਤਣ ਨਾ ਦਿਓ
- ਕੇ ਵਾਈ ਸੀ ਦੇ ਸੰਦੇਸ਼ਾਂ ਬਾਰੇ ਸਾਵਧਾਨ ਰਹੋ – ਸਿਰਫ ਆਪਣੇ ਬੈਂਕ/ਵਿੱਤੀ ਸੰਸਥਾ ਦੀ ਸ਼ਾਖਾ ਨਾਲ ਸਿੱਧੇ ਜਾਂ ਉਹਨਾਂ ਦੀ ਵੈੱਬਸਾਈਟ ਤੇ ਸੰਪਰਕ ਕਰੋ

ਮਨੀਰਾਮ ਮੰਤਰ

ਨਿਵੇਸ਼ ਕਰਨ ਤੋਂ ਪਹਿਲਾਂ ਧਿਆਨ ਦੇਣ ਯੋਗ ਮੁੱਖ ਨੁਕਤੇ — **ਕੀਮਤ, ਪਾਰਦਰਸ਼ਤਾ, ਅਧਿਨਿਯਮ ਅਤੇ ਸੇਵਾਵਾਂ ਦੇ ਪੱਧਰ**

ਪੈਨਸ਼ਨ ਇੱਕ ਮੁਸ਼ਤ ਦੇ ਮੁਕਾਬਲੇ ਨਿਯਮਿਤ ਪੇਆਊਟ ਪ੍ਰਦਾਨ ਕਰਦੀ ਹੈ

ਨੈਸ਼ਨਲ ਪੈਨਸ਼ਨ ਸਿਸਟਮ ਅਤੇ **ਅਟਲ ਪੈਨਸ਼ਨ ਯੋਜਨਾ** ਜ਼ਿਆਦਾਤਰ ਲੋਕਾਂ ਦੀਆਂ ਉਮੀਦਾਂ ਤੇ ਖਰਾ ਉਤਰਨਗੇ।

ਅਧਿਆਇ 04

ਨੈਸ਼ਨਲ ਪੈਨਸ਼ਨ ਸਿਸਟਮ ਦਾ ਜਾਦੂ

ਠੀਕ ਹੈ ਦੋਸਤੋ, ਜਦੋਂ ਪੈਨਸ਼ਨ ਯੋਜਨਾ ਦੀ ਗੱਲ ਆਉਂਦੀ ਹੈ ਤਾਂ ਕੀ ਤੁਸੀਂ ਸਾਡੇ ਸੁਪਰਸਟਾਰ ਲਈ ਤਿਆਰ ਹੋ?

ਪੇਸ਼ ਹੈ ਤੁਹਾਡੇ ਸਾਹਮਣੇ, ਨੈਸ਼ਨਲ ਪੈਨਸ਼ਨ ਸਿਸਟਮ!

ਨੈਸ਼ਨਲ ਪੈਨਸ਼ਨ ਸਿਸਟਮ ਇੱਕ ਅਜਿਹੀ ਸਕੀਮ ਹੈ ਜਿਸ ਨਾਲ ਤੁਸੀਂ ਆਪਣੇ ਵਿਅਕਤੀਗਤ ਪੈਨਸ਼ਨ ਅਕਾਊਂਟ ਵਿੱਚ ਪੈਸੇ ਜਮ੍ਹਾ ਕਰਵਾਉਂਦੇ ਹੋ। ਇਹ ਪੈਸੇ ਤੁਸੀਂ ਆਪਣੇ ਕੰਮਕਾਜੀ ਜੀਵਨ ਦੌਰਾਨ ਜਮ੍ਹਾਂ ਕਰਵਾ ਕੇ ਫਿਰ ਰਿਟਾਇਰਮੈਂਟ ਤੋਂ ਬਾਅਦ ਇਸ ਦਾ ਆਨੰਦ ਲੈ ਸਕਦੇ ਹੋ।

ਇੰਨਾ ਹੀ ਨਹੀਂ ਸਗੋਂ ਨੈਸ਼ਨਲ ਪੈਨਸ਼ਨ ਸਿਸਟਮ ਤੁਹਾਨੂੰ ਸਾਲ ਦੇ ਦੌਰਾਨ ਕਿਸੇ ਵੀ ਸਮੇਂ ਨਿਵੇਸ਼ ਕਰਨ ਦੀ ਖੁੱਲ੍ਹ ਦਿੰਦਾ ਹੈ । ਇਹ ਤੁਹਾਨੂੰ ਟੈਕਸ ਕਟੌਤੀਆਂ ਲਈ ਯੋਗ ਬਣਾਉਂਦਾ ਹੈ ਜੋ ਪੈਸੇ ਕਢਵਾਉਣ ਵੇਲੇ ਵੀ ਟੈਕਸ-ਕੁਸ਼ਲ ਹੈ।

ਆਓ, ਹੁਣ ਇਸ ਖਾਸ ਪੈਨਸ਼ਨ ਯੋਜਨਾ ਦੇ ਫਾਇਦਿਆਂ ਨੂੰ ਡੂੰਘਾਈ ਵਿਚ ਸਮਝੀਏ।



ਆਸਾਨ

ਸੌਖੇ ਤਰੀਕੇ ਨਾਲ ਨੈਸ਼ਨਲ ਪੈਨਸ਼ਨ ਸਿਸਟਮ ਅਕਾਊਂਟ ਖੋਲ੍ਹੋ ਅਤੇ ਆਪਣਾ ਪਰਮਾਨੈਂਟ ਰਿਟਾਇਰਮੈਂਟ ਅਕਾਊਂਟ ਨੰਬਰ (ਪੀਆਰਏਐਨ) ਪ੍ਰਾਪਤ ਕਰੋ।

ਯੋਗਦਾਨ ਪਾਉਣ ਵਿੱਚ ਖੁੱਲ

ਨੈਸ਼ਨਲ ਪੈਨਸ਼ਨ ਸਿਸਟਮ ਅਕਾਊਂਟ ਤੁਹਾਨੂੰ ਸਾਲ ਦੌਰਾਨ ਕਿਸੇ ਵੀ ਸਮੇਂ ਕਿਸੇ ਵੀ ਰਕਮ ਦਾ ਯੋਗਦਾਨ ਪਾਉਣ ਦੀ ਆਜ਼ਾਦੀ ਦਿੰਦਾ ਹੈ (ਘੱਟੋ ਘੱਟ ₹ 500 ਪ੍ਰਤੀ ਯੋਗਦਾਨ; ਪ੍ਰਤੀ ਸਾਲ ਕੁੱਲ ਯੋਗਦਾਨ ₹ 1000 ਅਤੇ ਇਸ ਤੋਂ ਵੱਧ ਹੋਣਾ ਚਾਹੀਦਾ ਹੈ)।

ਨਿਵੇਸ਼ ਕਰਨ ਦੀ ਖੁੱਲ

ਨੈਸ਼ਨਲ ਪੈਨਸ਼ਨ ਸਿਸਟਮ ਤੁਹਾਨੂੰ ਵੱਖ-ਵੱਖ ਪੈਨਸ਼ਨ ਨਿਵੇਸ਼ ਵਿਕਲਪਾਂ ਵਿੱਚੋਂ ਇੱਕ ਦੀ ਚੋਣ ਕਰਨ ਦੀ ਇਜਾਜ਼ਤ ਦਿੰਦਾ ਹੈ, ਤਾਂ ਜੋ ਤੁਸੀਂ ਆਪਣੀ ਰਿਟਾਇਰਮੈਂਟ ਦੀ ਯੋਜਨਾ ਆਪਣੇ ਹਿਸਾਬ ਨਾਲ ਕਰ ਸਕੋ। ਹੋਰ ਵੇਰਵਿਆਂ ਲਈ ਇਸ ਅਧਿਆਏ ਵਿੱਚ ਸੈਕਸ਼ਨ "ਨੈਸ਼ਨਲ ਪੈਨਸ਼ਨ ਸਿਸਟਮ ਅਧੀਨ ਨਿਵੇਸ਼ ਵਿਕਲਪ" ਵੇਖੋ।

ਪੋਰਟੇਬਿਲਟੀ

ਇੱਕ ਵਾਰ ਜਦੋਂ ਤੁਸੀਂ ਇੱਕ ਨੈਸ਼ਨਲ ਪੈਨਸ਼ਨ ਸਿਸਟਮ ਅਕਾਊਂਟ ਖੋਲ੍ਹਦੇ ਹੋ, ਤਾਂ ਇਹ ਹਮੇਸ਼ਾ ਤੁਹਾਡੇ ਨਾਲ ਰਹਿੰਦਾ ਹੈ — ਚਾਹੇ ਤੁਸੀਂ ਕੰਮ ਕਰਕੇ ਆਪਣਾ ਸ਼ਹਿਰ ਜਾਂ ਨੌਕਰੀ ਬਦਲੋ।

ਘੱਟ ਕੀਮਤ

ਨੈਸ਼ਨਲ ਪੈਨਸ਼ਨ ਸਿਸਟਮ ਭਾਰਤ ਵਿੱਚ ਸਭ ਤੋਂ ਘੱਟ ਕੀਮਤ ਵਾਲੀਆਂ ਪੈਨਸ਼ਨ ਯੋਜਨਾਵਾਂ ਵਿੱਚੋਂ ਇੱਕ ਹੈ। ਇਹ ਲੰਬੇ ਸਮੇਂ ਦੀਆਂ ਬੱਚਤਾਂ ਅਤੇ ਨਿਵੇਸ਼ਾਂ ਦੁਆਰਾ ਤੁਹਾਡੇ ਰਿਟਾਇਰਮੈਂਟ ਫੰਡ ਨੂੰ ਵਧਾਉਂਦਾ ਹੈ ਜੋ ਤੁਹਾਨੂੰ ਰਿਟਰਨ ਦੇਕੇ ਇਨਫਲੇਸ਼ਨ ਨਾਲ ਲੜਨ ਲਈ ਮਜ਼ਬੂਤ ਕਰਦਾ ਹੈ।

ਆਸਾਨ ਪਹੁੰਚ

ਆਪਣਾ ਨੈਸ਼ਨਲ ਪੈਨਸ਼ਨ ਸਿਸਟਮ ਅਕਾਊਂਟ ਇਲੈਕਟ੍ਰੋਨਿਕ ਨੈਸ਼ਨਲ ਪੈਨਸ਼ਨ ਸਿਸਟਮ ਜਾਂ ਕਿਸੇ ਵੀ ਪੁਆਇੰਟ ਆਫ ਪ੍ਰੈਜ਼ੇਂਸ ਰਾਹੀਂ ਸ਼ੁਰੂ ਕਰੋ ਅਤੇ ਪਲੇਟਫਾਰਮ ਦੀ ਵਰਤੋਂ ਕਰਕੇ ਆਪਣੇ ਅਕਾਊਂਟ ਵਿੱਚ ਔਨਲਾਈਨ ਯੋਗਦਾਨ ਪਾਉ।

ਟੈਕਸ ਕੁਸ਼ਲਤਾ

ਤੁਹਾਡੇ ਯੋਗਦਾਨ ਟੈਕਸ ਕਟੌਤੀਆਂ ਲਈ ਯੋਗ ਹਨ। ਹੋਰ ਵੇਰਵਿਆਂ ਲਈ ਸੈਕਸ਼ਨ "ਨੈਸ਼ਨਲ ਪੈਨਸ਼ਨ ਸਿਸਟਮ ਅਧੀਨ ਟੈਕਸ" ਨੂੰ ਪੜ੍ਹੋ।

ਸਥਿਰਤਾ

ਤੁਸੀਂ ਆਪਣੀ ਨਿਯਮਿਤ ਆਮਦਨ ਬਾਰੇ ਚਿੰਤਾ ਕਰਨਾ ਬੰਦ ਕਰ ਸਕਦੇ ਹੋ ਕਿਉਂਕਿ ਨੈਸ਼ਨਲ ਪੈਨਸ਼ਨ ਸਿਸਟਮ ਪੈਨਸ਼ਨ ਦੀ ਨਿਰੰਤਰ ਪੇਮੈਂਟ ਪ੍ਰਦਾਨ ਕਰਦਾ ਹੈ (ਉਹ ਤੁਹਾਡੇ ਦੁਆਰਾ ਚੁਣੀ ਗਈ ਪੈਨਸ਼ਨ ਦੀ ਕਿਸਮ ਦੇ ਅਧਾਰ ਉੱਤੇ ਸਥਿਰ ਜਾਂ ਵੱਧ-ਘੱਟ ਹੋ ਸਕਦੀ ਹੈ)।

ਚੰਗੀ ਤਰ੍ਹਾਂ ਨਿਯੰਤ੍ਰਿਤ

ਨੈਸ਼ਨਲ ਪੈਨਸ਼ਨ ਸਿਸਟਮ ਨੂੰ ਪੈਨਸ਼ਨ ਫੰਡ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਟੀ (ਪੀਐਫਆਰਡੀਏ) ਦੁਆਰਾ ਨਿਯੰਤ੍ਰਿਤ ਕੀਤਾ ਜਾਂਦਾ ਹੈ ਜੋ ਨੈਸ਼ਨਲ ਪੈਨਸ਼ਨ ਸਿਸਟਮ ਟਰੱਸਟ ਦੁਆਰਾ ਪ੍ਰਬੰਧਿਤ ਫੰਡਾਂ ਦੀ ਪਾਰਦਰਸ਼ੀ ਪੈਨਸ਼ਨ ਨਿਵੇਸ਼ ਨਿਯਮਾਂ, ਨਿਯਮਤ ਨਿਗਰਾਨੀ ਅਤੇ ਪ੍ਰਦਰਸ਼ਨ ਸਮੀਖਿਆ ਪ੍ਰਦਾਨ ਕਰਦਾ ਹੈ।

ਨੈਸ਼ਨਲ ਪੈਨਸ਼ਨ ਸਿਸਟਮ ਦੇ ਅਧੀਨ ਨਿਵੇਸ਼ ਵਿਕਲਪ

ਤਾਂ ਚਲੋ ਹੁਣ ਨੈਸ਼ਨਲ ਪੈਨਸ਼ਨ ਸਿਸਟਮ ਦੇ ਅਧੀਨ ਉਪਲਬਧ ਨਿਵੇਸ਼ ਵਿਕਲਪਾਂ ਤੇ ਡੂੰਘਾਈ ਨਾਲ ਵਿਚਾਰ ਕਰੀਏ। ਤੁਸੀਂ ਐਕਟਿਵ ਚੁਆਇਸ, ਆਟੋ ਚੁਆਇਸ ਜਾਂ ਦੋਹਾਂ ਦੀ ਚੋਣ ਕਰ ਸਕਦੇ ਹੋ।



ਐਕਟਿਵ ਚੁਆਇਸ ਕੀ ਹੈ?

ਜੇਕਰ ਤੁਸੀਂ ਇਨਵੈਸਟਮੈਂਟ ਮਾਰਕਿਟ ਨੂੰ ਚੰਗੀ ਤਰ੍ਹਾਂ ਸਮਝਦੇ ਹੋ, ਤਾਂ ਤੁਸੀਂ ਇਸ ਵਿਕਲਪ ਦੀ ਚੋਣ ਕਰ ਸਕਦੇ ਹੋ। ਜਿਵੇਂ ਕਿ ਨਾਮ ਹੀ ਦੱਸਦਾ ਹੈ ਕਿ ਇਹ ਵਿਕਲਪ ਤੁਹਾਨੂੰ ਸਰਗਰਮੀ ਨਾਲ ਫੈਸਲੇ ਲੈਣ ਦੀ ਇਜਾਜ਼ਤ ਦਿੰਦਾ ਹੈ ਕਿ ਤੁਹਾਡੇ ਯੋਗਦਾਨ ਨੂੰ ਇਕੁਇਟੀ (ਈ), ਕਾਰਪੋਰੇਟ ਕਰਜ਼ਾ (ਸੀ), ਸਰਕਾਰੀ ਪ੍ਰਤੀਭੂਤੀਆਂ (ਜੀ) ਅਤੇ ਅਲਟਰਨੇਟਿਵ ਐਸੇਟਸ (ਏ) ਦੀਆਂ ਸੰਪੱਤੀ ਸ਼੍ਰੇਣੀਆਂ ਵਿੱਚ ਕਿਵੇਂ ਨਿਵੇਸ਼ ਕੀਤਾ ਜਾਣਾ ਹੈ?

ਆਟੋ ਚੁਆਇਸ ਕੀ ਹੈ?

ਜੇਕਰ ਤੁਸੀਂ ਸੌਖੇ ਰਾਹ ਚਲਣਾ ਚਾਹੁੰਦੇ ਹੋ ਅਤੇ ਤੁਹਾਡੇ ਕੋਲ ਨਿਵੇਸ਼ ਦਾ ਪ੍ਰਬੰਧਨ ਕਰਨ ਲਈ ਫੰਡ ਮੈਨੇਜਰ ਹੈ, ਤਾਂ ਆਟੋ ਚੁਆਇਸ ਤੁਹਾਡੇ ਲਈ ਵਧੀਆ ਵਿਕਲਪ ਹੈ। ਇਹ ਤੁਹਾਡੇ ਨਿਵੇਸ਼ ਨੂੰ ਤੁਹਾਡੀ ਉਮਰ ਦੇ ਅਧਾਰ ਤੇ ਅਤੇ ਫੰਡਾਂ ਨੂੰ ਨਿਰੰਤਰ ਸਮੇਂ ਤੇ ਵੱਖ-ਵੱਖ ਐਸੇਟ ਸ਼੍ਰੇਣੀਆਂ ਵਿੱਚ ਵੰਡਦਾ ਹੈ। ਆਟੋ ਚੁਆਇਸ ਦੇ ਅੰਦਰ ਉਪਲਬਧ ਤਿੰਨ ਸੰਪੱਤੀ ਸ਼੍ਰੇਣੀਆਂ ਐਗਰੈਸਿਵ, ਮੋਡਰੇਟ ਅਤੇ ਕੰਜ਼ਰਵੇਟਿਵ ਹਨ।

ਸਕੀਮ ਅਤੇ ਪੈਨਸ਼ਨ ਫੰਡ ਮੈਨੇਜਰ ਦੀ ਬਦਲੀ

ਸਬਸਕ੍ਰਾਈਬਰ (ਗਾਹਕ) ਕੋਲ ਇੱਕ ਵਿੱਤੀ ਸਾਲ ਵਿੱਚ ਚਾਰ ਵਾਰ ਆਟੋ ਅਤੇ ਐਕਟਿਵ ਸਕੀਮਾਂ ਦੇ ਵਿੱਚ ਬਦਲੀ ਕਰਨ ਦਾ ਵਿਕਲਪ ਹੁੰਦਾ ਹੈ। ਪੈਨਸ਼ਨ ਫੰਡ ਮੈਨੇਜਰ ਵੀ ਸਾਲ ਵਿੱਚ ਇੱਕ ਵਾਰ ਬਦਲੇ ਜਾ ਸਕਦੇ ਹਨ।

ਆਉ ਇਹਨਾਂ ਐਸੈਂਟ ਸ਼੍ਰੇਣੀਆਂ ਤੇ ਵਿਸਥਾਰ ਨਾਲ ਇੱਕ ਨਜ਼ਰ ਮਾਰੀਏ।

ਐਗਰੈਸਿਵ ਲਾਈਫ ਸਾਇਕਲ ਫੰਡ

ਇਹ ਫੰਡ ਤੁਹਾਡੇ ਇਕੁਇਟੀ ਇਨਵੈਸਟਮੈਂਟ ਨੂੰ ਤੁਹਾਡੀ ਕੁੱਲ ਜਾਇਦਾਦ ਦੇ 75% ਤੱਕ ਸੀਮਿਤ ਕਰਦਾ ਹੈ। ਜਿਵੇਂ ਤੁਹਾਡੀ ਉਮਰ ਵਧਦੀ ਜਾਂਦੀ ਹੈ, ਇਕੁਇਟੀ ਇਨਵੈਸਟਮੈਂਟ ਵਿੱਚ ਤੁਹਾਡਾ ਐਕਸਪੋਜ਼ਰ ਹੌਲੀ-ਹੌਲੀ ਘੱਟਦਾ ਜਾਂਦਾ ਹੈ।
ਦੇਖੋ ਕਿ ਕਿਵੇਂ ਤੁਹਾਡੇ ਪਾਏ ਗਏ ਯੋਗਦਾਨ ਨੂੰ ਐਗਰੈਸਿਵ ਲਾਈਫ ਸਾਈਕਲ ਫੰਡ ਦੇ ਅਧੀਨ ਤੁਹਾਡੀ ਉਮਰ ਦੇ ਅਨੁਸਾਰ ਤਿੰਨ ਐਸੈਂਟ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ।

ਉਮਰ (ਸਾਲ)	ਐਸੈਂਟ ਸ਼੍ਰੇਣੀ E	ਐਸੈਂਟ ਸ਼੍ਰੇਣੀ C	ਐਸੈਂਟ ਸ਼੍ਰੇਣੀ G
35 ਸਾਲਾਂ ਤੱਕ	75	10	15
36	71	11	18
37	67	12	21
38	63	13	24
39	59	14	27
40	55	15	30
41	51	16	33
42	47	17	36
43	43	18	39
44	39	19	42
45	35	20	45
46	32	20	48
47	29	20	51
48	26	20	54
49	23	20	57
50	20	20	60
51	19	18	63
52	18	16	66
53	17	14	69
54	16	12	72
55 ਸਾਲਾਂ ਤੋਂ ਉਪਰ	15	10	75

ਮੌਡਰੇਟ ਲਾਈਫ ਸਾਇਕਲ

ਇਕੁਇਟੀ ਇਨਵੈਸਟਮੈਂਟ ਵਿੱਚ ਐਕਸਪੋਜ਼ਰ 35 ਸਾਲ ਤੱਕ ਤੁਹਾਡੀ ਕੁੱਲ ਸੰਪੱਤੀ ਦਾ 50% ਹੈ ਅਤੇ ਇਹ ਤੁਹਾਡੇ ਬੁੱਢੇ ਹੋਣ ਦੇ ਨਾਲ ਘੱਟਦਾ ਹੈ।
ਹੇਠਾਂ ਦਿੱਤੀ ਉਦਾਹਰਨ ਉੱਤੇ ਇੱਕ ਨਜ਼ਰ ਮਾਰੋ।

ਉਮਰ (ਸਾਲ)	ਐਸੈਂਟ ਸ਼੍ਰੇਣੀ E	ਐਸੈਂਟ ਸ਼੍ਰੇਣੀ C	ਐਸੈਂਟ ਸ਼੍ਰੇਣੀ G
35 ਸਾਲਾਂ ਤੱਕ	50	30	20
36	48	29	23
37	46	28	26
38	44	27	29
39	42	26	32
40	40	25	35
41	38	24	38
42	36	23	41
43	34	22	44
44	32	21	47
45	30	20	50
46	28	19	53
47	26	18	56
48	24	17	59
49	22	16	62
50	20	15	65
51	18	14	68
52	16	13	71
53	14	12	74
54	12	11	77
55 ਸਾਲਾਂ ਤੋਂ ਉਪਰ	10	10	8

ਕਢਵਾਉਣ ਜਾਂ ਛੱਡਣ ਤੇ ਨੈਸ਼ਨਲ ਪੈਨਸ਼ਨ ਸਿਸਟਮ ਦੇ ਅਧੀਨ ਟੈਕਸ

ਤੁਸੀਂ ਅੰਸ਼ਕ/ਇੱਕ ਮੁਸ਼ਤ/ਮੌਤ ਹੋਣ, ਕਢਵਾਉਣ-ਛੱਡਣ ਸੈਕਸ਼ਨ ਵਿੱਚ ਪਹਿਲਾਂ ਦੱਸੀਆਂ ਗਈਆਂ ਸ਼ਰਤਾਂ ਦੇ ਅਧੀਨ ਟੈਕਸ-ਮੁਕਤ ਰਾਸ਼ੀ ਕੱਢਵਾਉਣ ਦੇ ਹੱਕਦਾਰ ਹੋ।

ਐਨੂਅਟੀ/ਪੈਨਸ਼ਨ ਖਰੀਦਣ ਤੇ ਨੈਸ਼ਨਲ ਪੈਨਸ਼ਨ ਸਿਸਟਮ ਅਧੀਨ ਟੈਕਸ

- ਐਨੂਅਟੀ ਖਰੀਦਣ ਲਈ ਨਿਵੇਸ਼ ਕੀਤੀ ਰਕਮ ਟੈਕਸ-ਮੁਕਤ ਹੈ
- ਤੁਹਾਡੀ ਵਿਅਕਤੀਗਤ ਟੈਕਸ ਬਰੈਕਟ ਦੇ ਆਧਾਰ ਤੇ, ਕਿਸੇ ਹੋਰ ਆਮਦਨ ਦੀ ਤਰ੍ਹਾਂ, ਨਿਯਮਿਤ ਪੈਨਸ਼ਨ/ਐਨੂਅਟੀ ਤੇ ਟੈਕਸ ਲੱਗਦਾ ਹੈ

ਕੰਜ਼ਰਵੇਟਿਵ ਲਾਈਫ ਸਾਇਕਲ ਫੰਡ

ਇਹ ਫੰਡ ਤੁਹਾਡੀ ਉਮਰ 35 ਸਾਲ ਦੀ ਹੋਣ ਤੱਕ ਤੁਹਾਡੀ ਕੁੱਲ ਸੰਪੱਤੀ ਦੇ 25% ਦੀ ਹੱਦ ਤੱਕ ਇਕੁਇਟੀ ਵਿੱਚ ਵੰਡ ਨੂੰ ਸੀਮਿਤ ਕਰਦਾ ਹੈ ਅਤੇ ਹੌਲੀ ਹੌਲੀ ਉਮਰ ਦੇ ਨਾਲ ਘੱਟਦਾ ਹੈ। ਹੇਠਾਂ ਦਿੱਤੀ ਉਦਾਹਰਨ ਤੁਹਾਨੂੰ ਸਮਝਣ ਵਿਚ ਮਦਦ ਕਰੇਗੀ।

ਉਮਰ (ਸਾਲ)	ਐਸੈੱਟ ਸ਼੍ਰੇਣੀ E	ਐਸੈੱਟ ਸ਼੍ਰੇਣੀ C	ਐਸੈੱਟ ਸ਼੍ਰੇਣੀ G
35 ਸਾਲਾਂ ਤੱਕ	25	45	30
36	24	43	33
37	23	41	36
38	22	39	39
39	21	37	42
40	20	35	45
41	19	33	48
42	18	31	51
43	17	29	54
44	16	27	57
45	15	25	60
46	14	23	63
47	13	21	66
48	12	19	69
49	11	17	72
50	10	15	75
51	9	13	78
52	8	11	81
53	7	9	84
54	6	7	87
55 ਸਾਲਾਂ ਤੋਂ ਉਪਰ	5	5	9

ਟੈਕਸ ਬੈਨੀਫਿੱਟ

ਨੈਸ਼ਨਲ ਪੈਨਸ਼ਨ ਸਿਸਟਮ ਵਿਅਕਤੀਆਂ ਅਤੇ ਕਾਰਪੋਰੇਟ ਕਰਮਚਾਰੀਆਂ ਨੂੰ ਯੋਗਦਾਨ ਅਤੇ ਕਢਵਾਉਣ ਜਾਂ ਬਾਹਰ ਜਾਣ ਤੇ ਵੱਖ-ਵੱਖ ਟੈਕਸ ਬੈਨੀਫਿੱਟ ਪ੍ਰਦਾਨ ਕਰਦਾ ਹੈ। ਮੈਂ ਇਹਨਾਂ ਪਹਿਲੂਆਂ ਨੂੰ ਹੇਠਾਂ ਦੱਸਿਆ ਹੈ।

ਯੋਗਦਾਨਾਂ ਤੇ ਨੈਸ਼ਨਲ ਪੈਨਸ਼ਨ ਸਿਸਟਮ ਦੇ ਅਧੀਨ ਟੈਕਸ ਵਿਅਕਤੀਆਂ ਲਈ ਟੈਕਸ ਬੈਨੀਫਿੱਟ

- ਤੁਸੀਂ ਸੈਕਸ਼ਨ 80 ਸੀਸੀਈ* ਦੇ ਅਧੀਨ ₹ 1.5 ਲੱਖ ਦੀ ਸੀਮਾ ਦੇ ਨਾਲ ਨੈਸ਼ਨਲ ਪੈਨਸ਼ਨ ਸਿਸਟਮ ਯੋਗਦਾਨ ਲਈ ਸੈਕਸ਼ਨ 80 ਸੀਸੀਡੀ (1ਏ) ਦੇ ਅਧੀਨ ਟੈਕਸ ਬੈਨੀਫਿੱਟ ਲੈ ਸਕਦੇ ਹੋ।
- ਨੈਸ਼ਨਲ ਪੈਨਸ਼ਨ ਸਿਸਟਮ (ਟੀਅਰ I ਅਕਾਉਂਟ) ਵਿੱਚ ₹ 50,000 ਤੱਕ ਦੇ ਨਿਵੇਸ਼ ਲਈ ਵਾਧੂ ਕਟੌਤੀ ਵਿਸ਼ੇਸ਼ ਤੌਰ ਤੇ ਸੈਕਸ਼ਨ 80 ਸੀ ਸੀ ਡੀ (1 ਬੀ) ਦੇ ਅਧੀਨ ਨੈਸ਼ਨਲ ਪੈਨਸ਼ਨ ਸਿਸਟਮ ਸਬਸਕ੍ਰਾਈਬਰ ਲਈ ਉਪਲਬਧ ਹੈ।

*ਸੈਕਸ਼ਨ 80 ਸੀ ਸੀ ਈ ਦੇ ਅਨੁਸਾਰ, ਸੈਕਸ਼ਨ 80 ਸੀ, ਸੈਕਸ਼ਨ 80 ਸੀ ਸੀ ਸੀ ਅਤੇ ਸੈਕਸ਼ਨ 80 ਸੀ ਸੀ ਡੀ ਦੀ ਉਪ ਸੈਕਸ਼ਨ (1) ਦੇ ਅਧੀਨ ਕਿਸੇ ਵੀ ਹਾਲਤ ਵਿੱਚ, ਟੈਕਸ ਕਟੌਤੀਆਂ ਦੀ ਸਮੁੱਚੀ ਰਕਮ, ₹ 1.5 ਲੱਖ ਤੋਂ ਵੱਧ ਨਹੀਂ ਹੋਵੇਗੀ।

ਕਾਰਪੋਰੇਟ ਕਰਮਚਾਰੀਆਂ ਲਈ ਟੈਕਸ ਬੈਨੀਫਿੱਟ

ਕਾਰਪੋਰੇਟ ਕਰਮਚਾਰੀ ਸੈਕਸ਼ਨ 80 ਸੀ ਸੀ ਡੀ (2) ਦੇ ਅਧੀਨ ਤਨਖਾਹ ਦੇ 10% ਤੱਕ ਆਪਣੇ ਯੋਗਦਾਨ ਤੇ ਵਾਧੂ ਟੈਕਸ ਬੈਨੀਫਿੱਟ ਦਾ ਦਾਅਵਾ ਕਰ ਸਕਦੇ ਹਨ। ਇਹ ਸੈਕਸ਼ਨ 80 ਸੀ ਸੀ ਡੀ (1ਏ) ਅਤੇ 80 ਸੀ ਸੀ ਡੀ (1ਬੀ) (ਸਾਰੀਆਂ ਨਿਵੇਸ਼ ਸਕੀਮਾਂ ਲਈ ₹ 7.5 ਲੱਖ ਦੀ ਕੁੱਲ ਸੀਮਾ ਦੇ ਅਧੀਨ) ਦੇ ਅਧੀਨ ਦੱਸੀਆਂ ਗਈਆਂ ਸੀਮਾਵਾਂ ਤੋਂ ਵੱਧ ਹੈ।

ਤੁਸੀਂ ਆਪਣਾ ਨੈਸ਼ਨਲ ਪੈਨਸ਼ਨ ਸਿਸਟਮ ਅਕਾਉਂਟ ਕਿਵੇਂ ਖੁਲਵਾ ਸਕਦੇ ਹੋ?

ਤਾਂ ਚਲੋ, ਹੁਣ ਤੁਹਾਡਾ ਨੈਸ਼ਨਲ ਪੈਨਸ਼ਨ ਸਿਸਟਮ ਅਕਾਉਂਟ ਖੋਲ੍ਹਣ ਦਾ ਸਮਾਂ ਆ ਗਿਆ ਹੈ। ਜਾਣਨਾ ਚਾਹੁੰਦੇ ਹੋ ਕਿ ਕਿਵੇਂ? ਇਸ ਦੇ ਦੋ ਤਰੀਕੇ ਹਨ
ਤੁਸੀਂ ਆਪਣਾ ਨੈਸ਼ਨਲ ਪੈਨਸ਼ਨ ਸਿਸਟਮ ਅਕਾਉਂਟ ਔਨਲਾਈਨ ਜਾਂ ਔਫਲਾਈਨ ਦੋਵੇਂ ਤਰ੍ਹਾਂ ਖੋਲ੍ਹ ਸਕਦੇ ਹੋ - ਮਰਜ਼ੀ ਤੁਹਾਡੀ ਹੈ।

ਔਨਲਾਈਨ

ਤੁਹਾਡਾ ਨੈਸ਼ਨਲ ਪੈਨਸ਼ਨ ਸਿਸਟਮ ਅਕਾਉਂਟ ਇਲੈਕਟ੍ਰਾਨਿਕ-ਨੈਸ਼ਨਲ ਪੈਨਸ਼ਨ ਸਿਸਟਮ ਪਲੇਟਫਾਰਮ https://www.npstrust.org.in/content/open-your-nps-account-online ਦੀ ਵਰਤੋਂ ਕਰਕੇ ਔਨਲਾਈਨ ਖੋਲ੍ਹਿਆ ਜਾ ਸਕਦਾ ਹੈ। ਇਹ ਜਲਦੀ ਹੋਣ ਵਾਲਾ ਅਤੇ ਆਸਾਨ ਹੈ; ਤੁਸੀਂ ਆਪਣੇ ਬੈਂਕ ਅਕਾਉਂਟ, ਕ੍ਰੈਡਿਟ ਕਾਰਡ ਜਾਂ ਡੈਬਿਟ ਕਾਰਡ ਰਾਹੀਂ ਯੋਗਦਾਨ ਪਾ ਸਕਦੇ ਹੋ।

ਔਫਲਾਈਨ

ਪੈਨਸ਼ਨ ਫੰਡ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਟੀ ਤੁਹਾਡੀ ਮਦਦ ਕਰਨ ਲਈ ਪੁਆਇੰਟ ਆਫ ਪ੍ਰੈਜ਼ੈਂਸ ਇਕਾਈਆਂ ਨੂੰ ਨਿਯੁਕਤ ਕਰਦਾ ਹੈ। ਨੈਸ਼ਨਲ ਪੈਨਸ਼ਨ ਸਿਸਟਮ ਅਕਾਉਂਟ ਖੋਲ੍ਹਣ ਦੇ ਫਾਰਮ ਪੁਆਇੰਟ ਆਫ ਪ੍ਰੈਜ਼ੈਂਸ ਤੋਂ ਲਏ ਜਾ ਸਕਦੇ ਹਨ ਅਤੇ ਸੰਬੰਧਿਤ ਦਸਤਾਵੇਜ਼ਾਂ ਦੇ ਨਾਲ ਉਹਨਾਂ ਨੂੰ ਜਮ੍ਹਾ ਕਰਵਾਏ ਜਾ ਸਕਦੇ ਹਨ। ਤੁਸੀਂ ਪੁਆਇੰਟ ਆਫ ਪ੍ਰੈਜ਼ੈਂਸ ਰਾਹੀਂ ਵੀ ਯੋਗਦਾਨ ਪਾ ਸਕਦੇ ਹੋ। ਜੇਕਰ ਤੁਸੀਂ ਕੇਂਦਰੀ, ਰਾਜ ਜਾਂ ਪ੍ਰਾਈਵੇਟ ਕੰਪਨੀ ਦੇ ਕਰਮਚਾਰੀ ਹੋ, ਤਾਂ ਨੈਸ਼ਨਲ ਪੈਨਸ਼ਨ ਸਿਸਟਮ ਨਾਮਾਂਕਣ ਲਈ ਆਪਣੇ ਮਨੁੱਖੀ ਸਰੋਤ ਵਿਭਾਗ ਨਾਲ ਸੰਪਰਕ ਕਰੋ। ਜ਼ਿਆਦਾਤਰ ਪੁਆਇੰਟ ਆਫ ਪ੍ਰੈਜ਼ੈਂਸ ਹੁਣ ਤੁਹਾਨੂੰ ਅਕਾਉਂਟ ਖੋਲ੍ਹਣ ਲਈ ਔਨਲਾਈਨ ਵਿਕਲਪ ਦਿੰਦੇ ਹਨ।

ਵਿੱਡਰਾਲ/ਬਾਹਰ ਆਉਣਾ

ਨੈਸ਼ਨਲ ਪੈਨਸ਼ਨ ਸਿਸਟਮ ਦੇ ਬਹੁਤ ਸਾਰੇ ਫਾਇਦਿਆਂ ਵਿੱਚੋਂ ਇੱਕ ਹੈ ਕਿ ਇਹ ਤੁਹਾਨੂੰ ਆਪਣੇ ਔਖੇ ਹਲਾਤਾਂ ਵਿੱਚੋਂ ਲੰਘਣ ਲਈ ਆਪਣੇ ਫੰਡਾਂ ਨੂੰ ਵਰਤਣ ਦੀ ਆਗਿਆ ਦਿੰਦਾ ਹੈ।

ਆਓ ਦੇਖੀਏ ਕਿਵੇਂ?

ਛੱਡਣਾਬਾਹਰ ਆਉਣਾ

ਤੁਸੀਂ ਨੈਸ਼ਨਲ ਪੈਨਸ਼ਨ ਸਿਸਟਮ ਤੋਂ ਪੂਰੀ ਤਰ੍ਹਾਂ ਬਾਹਰ ਆ ਸਕਦੇ ਹੋ ਅਤੇ ਹੇਠ ਲਿਖੀਆਂ ਸਥਿਤੀਆਂ ਵਿੱਚ ਆਪਣੀ ਸਬਸਕ੍ਰਿਪਸ਼ਨ ਨੂੰ ਖਤਮ ਕਰ ਸਕਦੇ ਹੋ।

ਨਿਕਾਸ (60 ਸਾਲ/ਰਿਟਾਇਰਮੈਂਟ ਦੀ ਮਿਤੀ ਤੋਂ ਪਹਿਲਾਂ)

ਪਹਿਲਾਂ ਬਾਹਰ ਆਉਣ ਦੇ ਮਾਮਲੇ ਵਿੱਚ, ਤੁਹਾਡੇ ਇਕੱਠੇ ਹੋਏ ਫੰਡ (ਪੈਸੇ) ਦਾ ਘੱਟੋ-ਘੱਟ 80% ਨਿਯਮਿਤ ਪੈਨਸ਼ਨ ਪ੍ਰਦਾਨ ਕਰਨ ਲਈ ਐਨੂਅਟੀ ਖਰੀਦਣ ਲਈ ਵਰਤਿਆ ਜਾਣਾ ਚਾਹੀਦਾ ਹੈ। ਬਾਕੀ 20% ਇੱਕ ਮੁਸ਼ਤ ਵਜੋਂ ਲਿਆ ਜਾ ਸਕਦਾ ਹੈ।

ਨੈਸ਼ਨਲ ਪੈਨਸ਼ਨ ਸਿਸਟਮ ਦੇ ਅਧੀਨ ਖਾਤਾ ਖੋਲ੍ਹਣ ਦੇ ਘੱਟੋ-ਘੱਟ 5 ਸਾਲ ਪੂਰੇ ਹੋਣ ਤੇ ਇਜਾਜ਼ਤ ਦਿੱਤੀ ਜਾਂਦੀ ਹੈ ਜੇਕਰ ਇਕੱਠਾ ਹੋਏ ਫੰਡ (ਪੈਸੇ) ₹ 2.5 ਲੱਖ ਤੋਂ ਘੱਟ ਹੈ, ਤਾਂ ਇਹ ਰਿਟਾਇਰਮੈਂਟ ਤੇ ਇੱਕ ਮੁਸ਼ਤ ਰਕਮ ਵਿੱਚ ਪੂਰੀ ਤਰ੍ਹਾਂ ਅਦਾ ਕੀਤਾ ਜਾਵੇਗਾ

ਮੁਲਤਵੀ ਵਿਕਲਪ
ਸਮੇਂ ਤੋਂ ਪਹਿਲਾਂ ਬਾਹਰ ਆਉਣ ਦੇ ਮਾਮਲੇ ਵਿੱਚ, ਤੁਹਾਨੂੰ ਆਪਣੀ ਪੈਨਸ਼ਨ ਮੁਲਤਵੀ ਕਰਨ ਜਾਂ ਇੱਕ ਮੁਸ਼ਤ ਵਿੱਡਰਾਲ ਦਾ ਵਿਕਲਪ ਨਹੀਂ ਮਿਲਦਾ।

ਰਿਟਾਇਰਮੈਂਟ ਉਤੇ

ਜਦੋਂ ਤੁਸੀਂ 60 ਸਾਲ ਦੇ ਹੋ ਜਾਂਦੇ ਹੋ, ਤਾਂ ਤੁਸੀਂ ਇੱਕ ਮੁਸ਼ਤ ਵਿਚੋਂ ਲੱਗਭੱਗ 60% ਤੱਕ ਕਢਵਾ ਸਕਦੇ ਹੋ ਅਤੇ ਬਾਕੀ ਬਚੇ 40% (ਲਾਜ਼ਮੀ ਐਨੂਟਾਇਜ਼ੇਸ਼ਨ) ਨੂੰ ਨਿਯਮਿਤ ਪੈਨਸ਼ਨ ਲਈ ਵਰਤ ਸਕਦੇ ਹੋ।

ਛੱਡਣਾ (18-60 ਦੇ ਵਿਚਾਲੇ ਸ਼ਾਮਿਲ ਹੋਣਾ)

60 ਸਾਲ ਜਾਂ ਸੁਪਰਐਨੂਟਾਇਜ਼ੇਸ਼ਨ ਤੋਂ ਪਹਿਲਾਂ (5 ਸਾਲ ਪੂਰੇ ਹੋਣ ਦੀ ਸ਼ਰਤ)

- ਐਨੂਟਾਈਜ਼ੇਸ਼ਨ = ਘੱਟੋ-ਘੱਟ 80%
- ਇੱਕ ਮੁਸ਼ਤ ਵਿੱਡਰਾਲ = ਵੱਧ ਤੋਂ ਵੱਧ 20%
- ਜੇ ਕੌਰਪਸ ₹ 2.5 ਲੱਖ ਤੋਂ ਘੱਟ ਹੈ, ਤਾਂ ਪੂਰੀ ਤਰ੍ਹਾਂ ਕਢਵਾਉਣ ਦੀ ਆਗਿਆ ਹੈ

60 ਸਾਲ ਅਤੇ 75 ਸਾਲ ਦੀ ਉਮਰ ਤੱਕ ਪਹੁੰਚਣ ਤੇ

- ਐਨੂਟਾਈਜ਼ੇਸ਼ਨ = ਘੱਟੋ-ਘੱਟ 40%
- ਇੱਕ ਮੁਸ਼ਤ ਵਿੱਡਰਾਲ = ਵੱਧ ਤੋਂ ਵੱਧ 60%
- ਜੇ ਕੌਰਪਸ ₹ 5 ਲੱਖ ਤੋਂ ਘੱਟ ਹੈ, ਤਾਂ ਪੂਰਾ ਕਢਵਾਉਣ ਦੀ ਆਗਿਆ ਹੈ
- 75 ਸਾਲ ਦੀ ਉਮਰ ਤੱਕ ਜਾਰੀ ਰੱਖਣ ਦਾ ਵਿਕਲਪ
- 75 ਸਾਲ ਦੀ ਉਮਰ ਤੱਕ ਇੱਕ ਮੁਸ਼ਤ ਮੁਲਤਵੀ ਕਰਨ ਅਤੇ ਸਾਲਾਨਾ ਕਿਸ਼ਤਾਂ ਵਿੱਚ ਕਢਵਾਉਣ ਦਾ ਵਿਕਲਪ। 75 ਸਾਲ ਦੀ ਉਮਰ ਤੱਕ ਐਨੂਅਟੀ ਖਰੀਦ ਮੁਲਤਵੀ ਕਰਨਾ।

ਕਿਸੇ ਵੀ ਕਾਰਨ ਕਰਕੇ ਮੌਤ ਹੋਣਾ

- ਨੌਮਿਨੀ ਪੈਨਸ਼ਨ ਰਾਸ਼ੀ ਦਾ 100% ਇੱਕ ਮੁਸ਼ਤ ਕਢਵਾ ਸਕਦਾ ਹੈ
- ਨੌਮਿਨੀ ਕੌਰਪਸ ਦੀ ਵਰਤੋਂ ਕਰਕੇ ਐਨੂਅਟੀ ਦੀ ਚੋਣ ਵੀ ਕਰ ਸਕਦਾ ਹੈ

ਬਾਹਰ ਆਉਣਾ (60 ਸਾਲਾਂ ਤੋਂ ਬਾਅਦ ਸ਼ਾਮਿਲ ਹੋਣਾ)

3 ਸਾਲ ਪੂਰੇ ਹੋਣ ਤੋਂ ਪਹਿਲਾਂ

- ਐਨੂਟਾਈਜ਼ੇਸ਼ਨ = ਘੱਟੋ-ਘੱਟ 80%
- ਇੱਕ ਮੁਸ਼ਤ ਵਿੱਡਰਾਲ = ਵੱਧ ਤੋਂ ਵੱਧ 20%
- ਜੇ ਕੌਰਪਸ ₹ 2.5 ਲੱਖ ਤੋਂ ਘੱਟ ਹੈ, ਤਾਂ ਪੂਰੀ ਤਰ੍ਹਾਂ ਕਢਵਾਉਣ ਦੀ ਆਗਿਆ ਹੈ

3 ਸਾਲ ਪੂਰੇ ਹੋਣ ਤੇ ਅਤੇ 75 ਸਾਲ ਦੀ ਉਮਰ ਤੱਕ

- ਐਨੂਟਾਈਜ਼ੇਸ਼ਨ = ਘੱਟੋ-ਘੱਟ 40%
- ਇੱਕ ਮੁਸ਼ਤ ਵਿੱਡਰਾਲ = ਵੱਧ ਤੋਂ ਵੱਧ 60%
- ਜੇ ਕੌਰਪਸ ₹ 5 ਲੱਖ ਤੋਂ ਘੱਟ ਹੈ, ਤਾਂ ਪੂਰਾ ਕਢਵਾਉਣ ਦੀ ਆਗਿਆ ਹੈ

ਕਿਸੇ ਵੀ ਕਾਰਨ ਕਰਕੇ ਮੌਤ ਹੋਣਾ

- ਨੌਮਿਨੀ ਪੈਨਸ਼ਨ ਰਾਸ਼ੀ ਦਾ 100% ਇੱਕ ਮੁਸ਼ਤ ਕਢਵਾ ਸਕਦਾ ਹੈ
- ਨੌਮਿਨੀ ਕੌਰਪਸ ਦੀ ਵਰਤੋਂ ਕਰਕੇ ਸਾਲਨਾ ਖਰੀਦਣ ਦੀ ਚੋਣ ਵੀ ਕਰ ਸਕਦਾ ਹੈ

ਮੁਲਤਵੀ ਵਿਕਲਪ
ਰਿਟਾਇਰਮੈਂਟ ਤੋਂ ਬਾਅਦ, ਤੁਸੀਂ 75 ਸਾਲ ਤੱਕ ਆਪਣੀ ਪੈਨਸ਼ਨ ਅਤੇ ਇੱਕ ਮੁਸ਼ਤ ਵਿੱਡਰਾਲ ਦੀ ਚੋਣ ਕਰ ਸਕਦੇ ਹੋ।

ਪਾਰਸ਼ੀਅਲ ਵਿਦਡਰਾਲ

ਇੱਥੇ ਸੂਚੀਬੱਧ ਕੀਤੇ ਗਏ ਹਾਲਾਤਾਂ ਵਿੱਚ ਤੁਹਾਡੇ ਸਬਸਕ੍ਰਿਪਸ਼ਨ ਕਾਰਜਕਾਲ ਦੌਰਾਨ ਪਾਰਸ਼ੀਅਲ ਵਿਦਡਰਾਲ ਤਿੰਨ ਵਾਰ ਸੰਭਵ ਹੈ।

- ਬੱਚਿਆਂ ਦੀ ਉੱਚ ਸਿੱਖਿਆ ਜਾਂ ਉਹਨਾਂ ਦੇ ਵਿਆਹ ਲਈ
- ਤੁਹਾਡੇ ਅਤੇ ਤੁਹਾਡੇ ਨੇੜਲਿਆਂ ਦੇ ਹਸਪਤਾਲ ਵਿੱਚ ਦਾਖਲ ਹੋਣ ਤੇ
- ਕੱਢਵਾਉਣ ਵਾਲੀ ਕੋਈ ਵੀ ਰਕਮ ਤੁਹਾਡੇ ਆਪਣੇ ਯੋਗਦਾਨ ਦੇ 25% ਤੋਂ ਵੱਧ ਨਹੀਂ ਹੋਣੀ ਚਾਹੀਦੀ
- ਕਿਸੇ ਵੀ ਖਾਸ ਬਿਮਾਰੀ ਦਾ ਇਲਾਜ
- ਆਪਣੇ ਖੁਦ ਦੇ ਕਾਰੋਬਾਰ ਜਾਂ ਕਿਸੇ ਵੀ ਸ਼ੁਰੂਆਤ ਦੀ ਸਥਾਪਨਾ ਲਈ
- ਆਪਣੇ ਨਾਂ 'ਤੇ ਘਰ ਦੀ ਖਰੀਦ ਜਾਂ ਉਸਾਰੀ ਲਈ
- ਨੈਸ਼ਨਲ ਪੈਨਸ਼ਨ ਸਿਸਟਮ ਦੀ ਸਬਸਕ੍ਰਿਪਸ਼ਨ ਦੇ ਘੱਟੋ-ਘੱਟ 3 ਸਾਲ ਪੂਰੇ ਹੋਣ ਤੇ
- 75% ਤੋਂ ਵੱਧ ਵਿਕਲਾਂਗਤਾ
- ਹੁਨਰ ਵਿਕਾਸ/ਪੁਨਰ-ਹੁਨਰ ਜਾਂ ਕੋਈ ਹੋਰ ਸਵੈ-ਵਿਕਾਸ ਗਤੀਵਿਧੀਆਂ

ਦੋਸਤੋ, ਬਸ ਇਸਦਾ ਧਿਆਨ ਰੱਖੋ, ਤੁਹਾਡੀ ਸਬਸਕਿਪਸ਼ਨ ਦੇ ਕਾਰਜਕਾਲ ਦੌਰਾਨ **ਵੱਧ ਤੋਂ ਵੱਧ ਸਿਰਫ ਤਿੰਨ ਵਾਰ** ਕਢਵਾਉਣ ਦੀ ਇਜਾਜ਼ਤ ਹੈ।

ਨੌਮਿਨੀਨੇਸ਼ਨ ਬਣਾਉਣਾ

ਮੰਨ ਲਵੋ, ਤੁਸੀਂ ਰਿਟਾਇਰਮੈਂਟ ਤੋਂ ਬਾਅਦ ਆਪਣੀਆਂ ਸਾਰੀਆਂ ਜ਼ਰੂਰਤਾਂ ਦਾ ਧਿਆਨ ਰੱਖਣ ਲਈ ਬਹੁਤ ਸਾਰਾ ਪੈਸੇ ਦਾ ਨਿਵੇਸ਼ ਕੀਤਾ ਹੈ। ਤੁਹਾਨੂੰ ਕੀ ਲੱਗਦਾ ਹੈ ਕਿ ਰਿਟਾਇਰਮੈਂਟ ਤੋਂ ਪਹਿਲਾਂ ਜਾਂ ਬਾਅਦ ਵਿੱਚ ਕਿਸੇ ਮੰਦਭਾਗੀ ਮੌਤ ਦੀ ਸੂਰਤ ਵਿਚ ਉਸ ਜਮ੍ਹਾਂ ਹੋਈ ਪੈਨਸ਼ਨ ਰਾਸ਼ੀ ਦਾ ਕੀ ਹੋਵੇਗਾ? ਚਿੰਤਾ ਨਾ ਕਰੋ, ਨੈਸ਼ਨਲ ਪੈਨਸ਼ਨ ਸਿਸਟਮ ਤੁਹਾਨੂੰ ਤੁਹਾਡੀ ਰਿਟਾਇਰਮੈਂਟ ਦੀ ਰਕਮ ਪ੍ਰਾਪਤ ਕਰਨ ਲਈ ਨੌਮਿਨੀ ਦਾ ਨਾਮ ਦੇਣ ਦੀ ਵੀ ਇਜਾਜ਼ਤ ਦਿੰਦਾ ਹੈ।

ਮੋਬਾਈਲ ਐਪ ਅਤੇ ਔਨਲਾਈਨ ਸੇਵਾਵਾਂ

ਮੈਂ ਸਮਝਦਾ/ਸਮਝਦੀ ਹਾਂ ਕਿ ਇਹ ਸਭ ਸਮਝਣਾ ਔਖਾ ਲੱਗ ਰਿਹਾ ਹੋਵੇਗਾ ਇਸ ਲਈ ਨੈਸ਼ਨਲ ਪੈਨਸ਼ਨ ਸਿਸਟਮ ਜੀਵਨ ਨੂੰ ਆਸਾਨ ਬਣਾਉਣ ਲਈ ਇੱਕ ਉਪਭੋਗਤਾ-ਅਨੁਕੂਲ ਮੋਬਾਈਲ ਐਪ ਵੀ ਪੇਸ਼ ਕਰਦਾ ਹੈ।

ਇੱਥੇ ਤੁਸੀਂ ਆਪਣੇ ਨੌਮਿਨੀਆਂ ਨੂੰ ਇਵੇਂ ਚੁਣ ਸਕਦੇ ਹੋ?

01 ਤਿੰਨ ਤੱਕ ਨੌਮਿਨੀ ਚੁਣੋ। ਨਾਬਾਲਗ ਨੂੰ ਨਿਯੁਕਤ ਕਰਨ ਲਈ, ਜਨਮ ਮਿਤੀ ਅਤੇ ਸਰਪ੍ਰਸਤ ਵੇਰਵੇ ਦੀ ਲੋੜ ਹੁੰਦੀ ਹੈ

02 ਪੁਆਇੰਟ ਆਫ ਪ੍ਰੈਜ਼ੈਂਸ ਨੂੰ ਬੇਨਤੀ ਫਾਰਮ ਭੇਜ ਕੇ ਨਾਮਜ਼ਦ ਕਰੋ ਜਾਂ ਇਲੈਕਟ੍ਰਾਨਿਕ ਨੈਸ਼ਨਲ ਪੈਨਸ਼ਨ ਸਿਸਟਮ ਰਾਹੀਂ ਰਜਿਸਟਰ ਹੋਣ ਤੇ ਔਨਲਾਈਨ ਜਮ੍ਹਾਂ ਕਰੋ। ਨੌਮਿਨੀ ਵੇਰਵਿਆਂ ਨੂੰ ਬਾਅਦ ਵਿੱਚ ਔਨਲਾਈਨ ਬਦਲਿਆ ਜਾ ਸਕਦਾ ਹੈ।

ਨੈਸ਼ਨਲ ਪੈਨਸ਼ਨ ਸਿਸਟਮ ਮੋਬਾਈਲ ਐਪ ਦੇ ਲਾਭ

*ਟੀਅਰ I ਟੈਕਸ ਫਾਇਦਿਆਂ ਦੇ ਨਾਲ ਤੁਹਾਡੀ ਪੈਨਸ਼ਨ ਬੱਚਤ ਲਈ ਹੈ
**ਟੀਅਰ II ਤੁਹਾਡੀ ਵਾਧੂ ਨਿਵੇਸ਼ ਬੱਚਤਾਂ ਲਈ ਹੈ ਜੇਕਰ ਤੁਸੀਂ ਅਜਿਹਾ ਕਰਨਾ ਚਾਹੁੰਦੇ ਹੋ; ਕਢਵਾਉਣ ਤੇ ਕੋਈ ਪਾਬੰਦੀ ਨਹੀਂ (ਸਿਰਫ਼ ਸਰਕਾਰੀ ਕਰਮਚਾਰੀਆਂ ਲਈ ਟੈਕਸ ਬੈਨੀਫ਼ਿਟ ਲਾਗੂ)

ਚਲੋ ਹੁਣ ਨੈਸ਼ਨਲ ਪੈਨਸ਼ਨ ਸਿਸਟਮ ਔਨਲਾਈਨ ਸੇਵਾਵਾਂ ਦੇ ਫਾਇਦਿਆਂ ਬਾਰੇ ਜਾਣੀਏ! ਇਸ ਲਈ ਜਾਂ ਤਾਂ ਤੁਹਾਡੀ ਸੈਂਟਰਲ ਰਿਕਾਰਡਕੀਪਿੰਗ ਏਜੰਸੀ ਦੇ ਵੈੱਬਸਾਈਟ ਪੋਰਟਲ ਦੀ ਵਰਤੋਂ ਕਰਦੇ ਹੋਏ (ਜੇਕਰ ਇਲੈਕਟ੍ਰਾਨਿਕ ਨੈਸ਼ਨਲ ਪੈਨਸ਼ਨ ਸਿਸਟਮ ਦੁਆਰਾ ਰਜਿਸਟਰਡ ਹੈ) ਜਾਂ ਪੁਆਇੰਟ ਆਫ ਪ੍ਰੈਜ਼ੈਂਸ ਦੇ ਵੈੱਬਸਾਈਟ ਪੋਰਟਲ ਦੀ ਵਰਤੋਂ ਕਰਦੇ ਹੋਏ (ਜੇਕਰ ਪੁਆਇੰਟ ਆਫ ਪ੍ਰੈਜ਼ੈਂਸ ਦੁਆਰਾ ਰਜਿਸਟਰ ਕੀਤਾ ਗਿਆ ਹੈ) ਜਾਣ ਸਕਦੇ ਹੋ।

- ਨੈਸ਼ਨਲ ਪੈਨਸ਼ਨ ਸਿਸਟਮ ਦੇ ਅਧੀਨ ਆਪਣਾ ਪੈਨਸ਼ਨ ਅਕਾਊਂਟ ਖੋਲ੍ਹੋ (ਟੀਅਰ I ਅਤੇ ਟੀਅਰ II ਦੋਵੇਂ)
- ਆਪਣਾ ਨੈਸ਼ਨਲ ਪੈਨਸ਼ਨ ਸਿਸਟਮ ਅਕਾਊਂਟ ਔਨਲਾਈਨ ਖੋਲ੍ਹਣ ਲਈ ਇੱਥੇ ਕਲਿੱਕ ਕਰੋ Fenps.nsdl.com/eNPS/OnlineSubscriberRegistration.html?appType=main
- ਆਪਣੇ ਨਿੱਜੀ ਵੇਰਵਿਆਂ ਨੂੰ ਅੱਪਡੇਟ ਕਰੋ ਜਿਵੇਂ ਕਿ ਈ-ਮੇਲ ਆਈਡੀ ਅਤੇ ਮੋਬਾਈਲ ਨੰਬਰ
- ਆਪਣੀ ਯੋਜਨਾ ਤਰਜੀਹ ਵਿੱਚ ਬਦਲਾਅ ਕਰੋ
- ਆਪਣੇ ਟੀਅਰ I ਅਤੇ ਟੀਅਰ II ਅਕਾਊਂਟ ਵਿੱਚ ਸ਼ੁਰੂਆਤੀ ਅਤੇ ਬਾਅਦ ਵਿੱਚ ਯੋਗਦਾਨ ਪਾਓ
- ਆਪਣੇ ਅਕਾਊਂਟ ਦੇ ਵੇਰਵੇ/ਟ੍ਰਾਂਜੈਕਸ਼ਨ ਸਟੇਟਮੈਂਟ ਦੇਖੋ
- ਔਨਲਾਈਨ ਸੇਵਾਵਾਂ ਦੀ ਵਰਤੋਂ ਕਰਦੇ ਹੋਏ ਆਪਣੇ ਟੀਅਰ II ਅਕਾਊਂਟ ਤੋਂ ਕਢਵਾਉਣ ਦੀ ਬੇਨਤੀ ਕਰੋ

ਸੈਂਟਰਲ ਰਿਕਾਰਡ ਕੀਪਿੰਗ ਏਜੰਸੀ (ਸੀਆਰਏ)

ਜੇਕਰ ਤੁਸੀਂ ਸੋਚ ਰਹੇ ਹੋ ਕਿ ਨੈਸ਼ਨਲ ਪੈਨਸ਼ਨ ਸਿਸਟਮ ਵਿੱਚ ਆਪਣੇ ਨਿਵੇਸ਼ਾਂ ਦੀ ਕਾਰਗੁਜ਼ਾਰੀ ਨੂੰ ਕਿਵੇਂ ਦੇਖਣਾ ਹੈ, ਤਾਂ ਤੁਸੀਂ ਆਪਣੀ ਪਰਮਾਨੈਂਟ ਰਿਟਾਰਮੈਂਟ ਅਕਾਊਂਟ ਨੰਬਰ ਕਿੱਟ ਦੇ ਨਾਲ ਦਿੱਤੇ ਗਏ ਲੌਗਇਨ ਆਈ ਡੀ ਅਤੇ ਪਾਸਵਰਡ ਦੀ ਵਰਤੋਂ ਕਰਕੇ ਆਪਣੇ ਨੈਸ਼ਨਲ ਪੈਨਸ਼ਨ ਸਿਸਟਮ ਅਕਾਊਂਟ ਵਿੱਚ ਲੌਗਇਨ ਕਰਕੇ ਅਜਿਹਾ ਕਰ ਸਕਦੇ ਹੋ।

ਨੈਸ਼ਨਲ ਪੈਨਸ਼ਨ ਸਿਸਟਮ, ਇਸ ਦੁਆਰਾ ਪ੍ਰਦਾਨ ਕੀਤੇ ਜਾਂਦੇ ਸਾਰੇ ਲਾਭਾਂ ਦੇ ਨਾਲ ਸੱਚ ਮੁੱਚ ਵਿੱਚ ਅਚੰਭਾ ਹੈ। ਇਹ ਤੁਹਾਨੂੰ ਕਈ ਤਰੀਕਿਆਂ ਨਾਲ ਸ਼ਿਕਾਇਤਾਂ ਦੱਸਣ ਦੀ ਵੀ ਇਜਾਜ਼ਤ ਦਿੰਦਾ ਹੈ। ਇੱਕ ਨਜ਼ਰ ਮਾਰੋ:

ਫਾਰਮ ਸੈਂਟਰਲ ਰਿਕਾਰਡਕੀਪਿੰਗ ਏਜੰਸੀ ਨੂੰ ਭੇਜੇ ਜਾਂਦੇ ਹਨ

ਸੈਂਟਰਲ ਗਰੀਵੀਐਂਸ ਮੈਨੇਜਮੈਂਟ ਸਿਸਟਮ ਦੇ ਸੈਂਟਰਲ ਰਿਕਾਰਡਕੀਪਿੰਗ ਏਜੰਸੀ ਨੂੰ ਅੱਗੇ ਭੇਜਣ ਲਈ ਪੁਆਇੰਟ ਆਫ ਪ੍ਰੈਜ਼ੈਂਸ ਸਰਵਿਸ ਪ੍ਰੋਵਾਈਡਰ ਨੂੰ ਨਿਰਧਾਰਤ ਫਾਰਮੈਟ ਵਿੱਚ ਆਪਣੀ ਸ਼ਿਕਾਇਤ ਦਰਜ ਕਰੋ।



ਕਾਲ ਸੈਂਟਰ/ਇੰਟਰਐਕਟਿਵ ਵਾਇਸ ਰਿਸਪਾਂਸ ਸਿਸਟਮ (IVR)

ਪੈਨਸ਼ਨ ਫੰਡ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਟੀ ਕਾਲ ਸੈਂਟਰ ਨਾਲ ਟੋਲ-ਫ੍ਰੀ ਨੰਬਰ 1800-110-708 ਤੇ ਸੰਪਰਕ ਕਰੋ



ਵੈੱਬ-ਆਧਾਰਿਤ ਇੰਟਰਫੇਸ

ਸੈਂਟਰਲ ਰਿਕਾਰਡ ਕੀਪਿੰਗ ਏਜੰਸੀ ਕਾਲ ਸੈਂਟਰ 'ਤੇ ਟੋਲ-ਫ੍ਰੀ ਨੰਬਰ (022) 24993499 ਤੇ ਟੈਲੀ-ਕੁਏਰੀ ਪਰਸਨਲ ਆਈਡੈਂਟੀਫਿਕੇਸ਼ਨ ਨੰਬਰ (ਟੀ-ਪਿੰਨ) ਦੀ ਵਰਤੋਂ ਕਰਕੇ ਆਪਣੀਆਂ ਸ਼ਿਕਾਇਤਾਂ ਦਰਜ ਕਰੋ। ਤੁਸੀਂ ਆਪਣੇ ਇੰਟਰਨੈੱਟ ਪਰਸਨਲ ਆਈਡੈਂਟਟੀ ਨੰਬਰ (I-PIN) ਦੀ ਵਰਤੋਂ ਕਰਕੇ ਅਤੇ www.npscra.nsdl.co.in ਤੇ ਜਾ ਕੇ ਵੀ ਰਜਿਸਟਰ ਕਰ ਸਕਦੇ ਹੋ।



CRA ਪੋਰਟੇਬਿਲਟੀ: ਸੈਂਟਰਲ ਰਿਕਾਰਡਕੀਪਿੰਗ ਏਜੰਸੀਆਂ ਦੇ ਵਿੱਚ ਆਸਾਨੀ ਨਾਲ ਬਦਲੀ ਕਰੋ, ਜੇਕਰ ਲੋੜ ਹੋਵੇ, ਤਾਂ ਸਬਸਕ੍ਰਿਪਸ਼ਨ ਕਿਸਮ ਵਿੱਚ ਬਦਲਾਅ ਕਰੋ, ਜੋ ਕਿ ਸਾਰੇ ਨਾਗਰਿਕਾਂ ਤੋਂ ਕਾਰਪੋਰੇਟ ਮਾਡਲ ਤੱਕ ਜਾਂ ਕਾਰਪੋਰੇਟ ਮਾਡਲ ਤੋਂ ਸਾਰੇ ਨਾਗਰਿਕਾਂ ਤੱਕ ਹੈ।

ਐਨੂਟੀਆਂ

ਮੈਂ ਇਸ ਸ਼ਬਦ ਦਾ ਕਈ ਵਾਰ ਜ਼ਿਕਰ ਕੀਤਾ ਹੈ, ਪਰ ਕੀ ਤੁਸੀਂ ਜਾਣਦੇ ਹੋ ਕਿ ਇਸਦਾ ਅਸਲ ਅਰਥ ਕੀ ਹੈ? ਮੈਂ ਤੁਹਾਨੂੰ ਦੱਸਦਾ ਹਾਂ।

ਐਨੂਟੀਆਂ ਉਹ ਉਤਪਾਦ ਹਨ ਜੋ ਇੱਕ ਮੁਸ਼ਤ ਦੇ ਬਦਲੇ ਵਿੱਚ ਆਉਣ ਵਾਲੇ ਸਮੇਂ ਵਿੱਚ ਨਿਯਮਿਤ ਪੇਮੈਂਟ ਪ੍ਰਦਾਨ ਕਰਨ ਲਈ ਤਿਆਰ ਕੀਤੇ ਗਏ ਹਨ। ਤੁਹਾਡੀਆਂ ਬੱਚਤਾਂ ਨੂੰ ਐਨੂਟਾਈਜ਼ ਕਰਕੇ, ਤੁਸੀਂ ਉਹਨਾਂ ਨੂੰ ਸਮੇਂ-ਸਮੇਂ ਤੇ ਪੇਮੈਂਟ ਲਈ ਬਦਲ ਸਕਦੇ ਹੋ ਜੋ ਤੁਹਾਡੇ ਪੂਰੇ ਜੀਵਨ ਲਈ ਰਹੇਗੀ।

ਵੱਖੋ ਵੱਖਰੇ ਲਾਭਾਂ ਵਾਲੀਆਂ ਕਈ ਕਿਸਮਾਂ ਦੀਆਂ ਐਨੂਟੀਆਂ ਹੇਠ ਲਿਖੀਆਂ ਹਨ।

01 **ਇਕਸਾਰ ਦਰ ਤੇ ਜੀਵਨ ਭਰ ਲਈ ਭੁਗਤਾਨ ਕਰਨ ਲਈ** ਐਨੂਅਟੀ/ਪੈਨਸ਼ਨ।

02 **5, 10, 15 ਜਾਂ 20 ਸਾਲਾਂ ਲਈ ਭੁਗਤਾਨ** ਕਰਨ ਲਈ ਐਨੂਅਟੀ ਨਿਸ਼ਚਿਤ ਹੈ ਅਤੇ ਉਦੋਂ ਤੱਕ ਮੌਜੂਦ ਹੈ ਜਦੋਂ ਤੱਕ ਐਨੂਅਟੈਂਟ ਜ਼ਿੰਦਾ ਹੈ

03 ਐਨੂਅਟੈਂਟ ਦੀ **ਮੌਤ ਤੇ ਖਰੀਦਣ ਦੀ ਕੀਮਤ ਦੀ ਵਾਪਸੀ** ਦੇ ਨਾਲ ਜੀਵਨ ਭਰ ਐਨੂਅਟੀ।

04 ਜੀਵਨ ਲਈ ਭੁਗਤਾਨ ਕਰਨ ਵਾਲੀ ਐਨੂਅਟੀ ਹਰੇਕ ਸਾਲ **3% ਦੀ ਸਧਾਰਨ ਦਰ ਨਾਲ ਵਧਦੀ ਹੈ।**

05 ਤੁਹਾਡੀ ਮੌਤ ਤੇ ਜੀਵਨ-ਸਾਥੀ ਦੇ ਪੂਰੇ ਜੀਵਨ ਕਾਲ ਦੌਰਾਨ **ਐਨੂਅਟੀ ਦੇ 50% ਭੁਗਤਾਨ ਦੀ ਵਿਵਸਥਾ।**

06 ਤੁਹਾਡੀ ਮੌਤ 'ਤੇ ਜੀਵਨ-ਸਾਥੀ ਦੇ ਪੂਰੇ ਜੀਵਨ ਕਾਲ ਦੌਰਾਨ **ਐਨੂਅਟੀ ਦੇ 100% ਭੁਗਤਾਨ ਦੀ ਵਿਵਸਥਾ।**

07 ਤੁਹਾਡੀ ਮੌਤ ਤੇ ਜੀਵਨ-ਸਾਥੀ ਦੇ ਪੂਰੇ ਜੀਵਨ ਕਾਲ ਦੌਰਾਨ **ਐਨੂਅਟੀ ਦੇ 100% ਭੁਗਤਾਨ ਦੀ ਵਿਵਸਥਾ; ਆਖਿਰ ਵਿੱਚ ਮਰਨ ਵਾਲੇ ਦੀ ਮੌਤ ਤੇ ਖਰੀਦਣ ਦੀ ਕੀਮਤ ਵਾਪਸ ਕਰ ਦਿੱਤਾ ਜਾਂਦੀ ਹੈ**

ਮਨੀਰਾਮ ਮੰਤਰ

- ਨੈਸ਼ਨਲ ਪੈਨਸ਼ਨ ਸਿਸਟਮ ਦੇ ਦੋ ਨਿਵੇਸ਼ ਵਿਕਲਪ ਹਨ — **ਐਕਟਿਵ ਚੁਆਇਸ ਅਤੇ ਆਟੋ ਚੁਆਇਸ;**
- ਨੈਸ਼ਨਲ ਪੈਨਸ਼ਨ ਸਿਸਟਮ ਵਿਅਕਤੀਆਂ ਅਤੇ ਕਾਰਪੋਰੇਟ ਕਰਮਚਾਰੀਆਂ ਲਈ ਕਈ **ਟੈਕਸ ਬੈਨੀਫਿੱਟ** ਦੀ ਪੇਸ਼ਕਸ਼ ਕਰਦਾ ਹੈ।
- ਨੈਸ਼ਨਲ ਪੈਨਸ਼ਨ ਸਿਸਟਮ ਵਿੱਚ ਐਨੂਅਟੀ ਤੁਹਾਡੇ ਰਿਟਾਇਰਮੈਂਟ ਫੰਡ ਵਿੱਚ ਨਿਵੇਸ਼ ਦੀ ਇੱਕ ਕਿਸਮ ਹੈ ਜੋ **ਇੱਕ ਨਿਰਧਾਰਤ ਸਮੇਂ ਜਾਂ ਜੀਵਨ ਲਈ ਨਿਯਿਮਿਤ ਭੁਗਤਾਨ ਦੀ ਪੇਸ਼ਕਸ਼ ਕਰਦੀ ਹੈ।**

ਅਧਿਆਇ 05

ਅਟਲ ਪੈਨਸ਼ਨ ਯੋਜਨਾ ਦੀ ਸਮਰੱਥਾ

ਕੀ ਤੁਸੀਂ ਜਾਣਦੇ ਹੋ ਕਿ ਭਾਰਤ ਦੇ ਅਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਬਹੁਤ ਸਾਰੇ ਲੋਕਾਂ ਨੂੰ ਇਹ ਨਹੀਂ ਪਤਾ ਕਿ ਉਹਨਾਂ ਦੇ ਲਈ ਵੀ ਪੈਨਸ਼ਨ ਯੋਜਨਾ ਹੈ?

ਇਹ ਅਗਲਾ ਸੁਪਰਸਟਾਰ ਹੈ ਜਿਸ ਬਾਰੇ ਮੈਂ ਤੁਹਾਡੇ ਨਾਲ ਗੱਲ ਕਰਨਾ ਚਾਹੁੰਦਾ ਹਾਂ - ਅਤੇ ਉਹ ਹੈ **ਅਟਲ ਪੈਨਸ਼ਨ ਯੋਜਨਾ**।

ਅਟਲ ਪੈਨਸ਼ਨ ਯੋਜਨਾ ਦੁਆਰਾ ਪ੍ਰਦਾਨ ਕੀਤੇ ਜਾਣ ਵਾਲੇ ਲਾਭਾਂ ਅਤੇ ਇਸ ਨਾਲ ਲੋਕਾਂ ਦੇ ਜੀਵਨ ਵਿੱਚ ਜੋ ਫਰਕ ਪੈਂਦਾ ਹੈ, ਇਹ ਰਿਟਾਇਰਮੈਂਟ ਜੀਵਨ ਵਿੱਚ ਸ਼ਾਂਤੀ ਅਤੇ ਖੁਸ਼ੀ ਭਰ ਸਕਦਾ ਹੈ।

ਆਓ ਦੇਖੀਏ।

ਅਟਲ ਪੈਨਸ਼ਨ ਯੋਜਨਾ ਸਰਕਾਰ ਦੁਆਰਾ ਪ੍ਰਯੋਜਿਤ ਯੋਜਨਾ ਹੈ ਜੋ ਇੱਕ ਗਾਰੰਟੀਸ਼ੁਦਾ ਮਹੀਨਾਵਾਰ ਪੈਨਸ਼ਨ ਦਿੰਦੀ ਹੈ

ਸਕੀਮ ਅਧੀਨ ਉਪਲਬਧ ਮਹੀਨਾਵਾਰ ਪੈਨਸ਼ਨ ਸਲੈਬ ₹ 1000, 2000, 3000, 4000 ਜਾਂ ₹ 5000 ਹਨ।



ਯੋਗਦਾਨ ਸਕੀਮ ਵਿੱਚ ਸ਼ਾਮਲ ਹੋਣ ਦੇ ਸਮੇਂ ਚੁਣੀ ਗਈ ਪੈਨਸ਼ਨ ਦੀ ਰਕਮ ਅਤੇ ਸਬਸਕ੍ਰਾਈਬਰ ਦੀ ਉਮਰ ਤੇ ਅਧਾਰਤ ਹੁੰਦਾ ਹੈ।

ਇਸਦਾ ਉਦੇਸ਼ ਕਿਸੇ ਵੀ ਵਿਅਕਤੀ ਨੂੰ ਅਤੇ ਹਰ ਕਿਸੇ ਨੂੰ ਇੱਕ ਰਸਮੀ ਪੈਨਸ਼ਨ ਪ੍ਰਬੰਧ ਨਾਲ ਨਿਯਮਿਤ ਮਹੀਨਾਵਾਰ ਪੈਨਸ਼ਨ ਪ੍ਰਦਾਨ ਕਰਨਾ ਅਤੇ ਖਰਚਿਆਂ ਨੂੰ ਪੂਰਾ ਕਰਨ ਵਿੱਚ ਉਹਨਾਂ ਦੀ ਮਦਦ ਕਰਨਾ ਹੈ।



ਜੇਕਰ ਤੁਹਾਡੀ ਉਮਰ 18 ਤੋਂ 40 ਸਾਲ ਦੇ ਵਿੱਚ ਹੈ, ਤਾਂ ਤੁਸੀਂ ਅਟਲ ਪੈਨਸ਼ਨ ਯੋਜਨਾ ਵਿੱਚ ਸ਼ਾਮਲ ਹੋ ਸਕਦੇ ਹੋ। ਜਿੰਨੀ ਜਲਦੀ ਤੁਸੀਂ ਸ਼ੁਰੂਆਤ ਕਰੋਗੇ, ਤੁਹਾਡੀ ਰਿਟਾਇਰਮੈਂਟ ਓਨੀ ਹੀ ਸ਼ਾਂਤੀਪੂਰਨ ਹੋਵੇਗੀ।

ਨੈਸ਼ਨਲ ਪੈਨਸ਼ਨ ਸਿਸਟਮ ਦੀ ਤਰ੍ਹਾਂ, ਤੁਸੀਂ ਆਪਣਾ ਅਟਲ ਪੈਨਸ਼ਨ ਯੋਜਨਾ ਅਕਾਊਂਟ ਖੋਲ੍ਹਣ ਬਾਰੇ ਦੋ ਤਰੀਕੇ ਅਪਣਾ ਸਕਦੇ ਹੋ - ਔਫਲਾਈਨ ਅਤੇ ਔਨਲਾਈਨ।

1. ਔਫਲਾਈਨ

- ਉਸ ਬੈਂਕ ਵਿੱਚ ਜਾਓ ਜਿਸ ਵਿੱਚ ਤੁਹਾਡਾ ਸੇਵਿੰਗ ਅਕਾਊਂਟ ਹੈ
- ਅਟਲ ਪੈਨਸ਼ਨ ਯੋਜਨਾ ਦਾ ਐਪਲੀਕੇਸ਼ਨ ਫਾਰਮ ਜਮ੍ਹਾਂ ਕਰੋ ਅਤੇ ਕੇ. ਵਾਈ. ਸੀ. ਪ੍ਰਕਿਰਿਆ ਨੂੰ ਪੂਰਾ ਕਰੋ
- ਲਾਭਦਾਇਕ ਦਸਤਾਵੇਜ਼ਾਂ ਜਿਵੇਂ ਕਿ ਆਪਣਾ ਆਧਾਰ ਕਾਰਡ ਹੱਥ ਵਿਚ ਰੱਖੋ

2. ਔਨਲਾਈਨ

ਤੁਹਾਡੇ ਬੈਂਕ ਦੀ ਨੈਟ ਬੈਂਕਿੰਗ ਸਹੂਲਤ ਤੁਹਾਨੂੰ ਜਲਦੀ ਅਤੇ ਆਸਾਨੀ ਨਾਲ ਇੱਕ ਅਟਲ ਪੈਨਸ਼ਨ ਯੋਜਨਾ ਅਕਾਊਂਟ ਖੋਲ੍ਹਣ ਦੀ ਆਗਿਆ ਦਿੰਦੀ ਹੈ। ਆਪਣੇ ਅਟਲ ਪੈਨਸ਼ਨ ਯੋਜਨਾ ਅਕਾਊਂਟ ਨੂੰ ਔਨਲਾਈਨ ਰਜਿਸਟਰ ਕਰਨ ਲਈ ਇੱਥੇ ਕਲਿੱਕ ਕਰੋ। enps.nsdl.com/eNPS/ApySubRegistration.html

ਮੈਂ ਤੁਹਾਨੂੰ ਜਲਦੀ ਦੱਸਦਾ/ਦੱਸਦੀ ਹਾਂ ਕਿ ਤੁਸੀਂ ਅਟਲ ਪੈਨਸ਼ਨ ਯੋਜਨਾ ਅਕਾਊਂਟ ਕਿਵੇਂ ਚਲਾਉਣਾ ਹੈ?

- ਤੁਸੀਂ ਬੈਂਕ ਦੇ ਨਾਲ ਆਟੋ-ਡੈਬਿਟ ਸਹੂਲਤ ਲੈਕੇ ਆਪਣੇ ਅਟਲ ਪੈਨਸ਼ਨ ਯੋਜਨਾ ਅਕਾਊਂਟ ਵਿੱਚ ਯੋਗਦਾਨ ਪਾ ਸਕਦੇ ਹੋ
- ਲੇਟ ਫੀਸ ਦਾ ਭੁਗਤਾਨ ਕਰਨ ਤੋਂ ਬਚਣ ਲਈ ਬਣਦੀਆਂ ਮਿਤੀਆਂ ਤੇ ਆਪਣੇ ਸੇਵਿੰਗ ਅਕਾਊਂਟ ਵਿੱਚ ਬੈਲੈਂਸ ਰੱਖੋ
- ਤੁਸੀਂ ਹਰ ਸਾਲ ਅਪ੍ਰੈਲ ਵਿੱਚ ਇਕੱਤਰ ਹੋਣ ਦੇ ਪੜਾਅ ਵਿੱਚ ਆਪਣੀ ਪੈਨਸ਼ਨ ਦੀ ਰਕਮ ਨੂੰ ਵਧਾਉਣ ਜਾਂ ਘਟਾਉਣ ਦੀ ਚੋਣ ਕਰ ਸਕਦੇ ਹੋ
- ਤੁਹਾਨੂੰ ਆਪਣੀ ਗਾਰੰਟੀਸ਼ੁਦਾ ਮਹੀਨਾਵਾਰ ਪੈਨਸ਼ਨ ਲਈ 60 ਸਾਲ ਦੀ ਉਮਰ ਵਿੱਚ ਬੇਨਤੀ ਕਰਨ ਦੀ ਲੋੜ ਹੈ
- ਮੌਤ ਜਾਂ ਜਾਨਲੇਵਾ ਬਿਮਾਰੀ ਤੋਂ ਛੁੱਟ, ਤੁਹਾਡੇ 60 ਸਾਲ ਦੇ ਹੋਣ ਤੋਂ ਪਹਿਲਾਂ ਯੋਜਨਾ ਨੂੰ ਖਤਮ ਕਰਨ ਦੀ ਆਗਿਆ ਨਹੀਂ ਹੈ

3. ਇਲੈਕਟ੍ਰੌਨਿਕ ਅਟਲ ਪੈਨਸ਼ਨ ਯੋਜਨਾ

ਪੈਨਸ਼ਨ ਫੰਡ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਟੀ ਨੇ ਹੁਣ ਤੁਹਾਡਾ ਅਟਲ ਪੈਨਸ਼ਨ ਯੋਜਨਾ ਅਕਾਊਂਟ ਖੋਲ੍ਹਣ ਲਈ ਡਿਜੀਟਲ ਤਰੀਕਾ ਪੇਸ਼ ਕੀਤਾ ਹੈ। ਇਲੈਕਟ੍ਰੌਨਿਕ ਅਟਲ ਪੈਨਸ਼ਨ ਯੋਜਨਾ ਰਾਹੀਂ ਸਬਸਕ੍ਰਾਈਬਰ ਨੂੰ ਮਿਲਣ ਵਾਲੇ ਵੱਖ-ਵੱਖ ਲਾਭਾਂ ਤੇ ਇੱਕ ਨਜ਼ਰ ਮਾਰੋ

- ਪੂਰੀ ਤਰ੍ਹਾਂ ਡਿਜੀਟਲ ਹੱਲ
- ਤੁਹਾਡੇ ਘਰ/ਦਫ਼ਤਰ ਦੇ ਆਰਾਮ ਤੋਂ 24/7 ਵਿੱਚ ਕਦੋਂ ਵੀ ਜੁੜੋ; ਬੈਂਕ ਸ਼ਾਖਾਵਾਂ ਵਿੱਚ ਜਾਣ ਦੀ ਕੋਈ ਲੋੜ ਨਹੀਂ
- ਜਾ ਕੇ ਕੋਈ ਬਿਨੈ-ਪੱਤਰ ਫਾਰਮ ਜਮ੍ਹਾਂ ਨਹੀਂ ਕਰਨਾ
- ਸਮਾਂ, ਮਿਹਨਤ ਅਤੇ ਲਾਗਤ ਬਚਾਓ

ਇਹ ਪੁਆਇੰਟ ਆਫ ਪ੍ਰੈਜ਼ੇਂਸ-ਸਰਵਿਸ ਪ੍ਰੋਵਾਈਡਰ ਨੂੰ ਵੀ ਲਾਭ ਪਹੁੰਚਾਉਂਦਾ ਹੈ।

- ਸਰੋਤ ਬਣਾਉਣ ਦਾ ਇੱਕ ਹੋਰ ਤਰੀਕਾ
- ਕੋਈ ਮਨੁੱਖੀ ਦਖਲ ਨਹੀਂ — ਡਾਟਾਫਲੋ ਇਲੈਕਟ੍ਰਾਨਿਕ ਰੂਪ ਵਿੱਚ ਹੈ
- ਭੂਗੋਲਿਕ ਖੇਤਰਾਂ ਵਿੱਚ ਸਬਸਕ੍ਰਾਈਬਰ ਤੱਕ ਪਹੁੰਚਣ ਨਾਲ, ਇਸ ਵਿੱਚ ਸ਼ਾਮਲ ਹੋਣਾ ਹੋਰ ਵੀ ਵਧਿਆ
- ਘੱਟ ਸਮਾਂ ਅਤੇ ਮਿਹਨਤ
- ਫਾਰਮਾਂ ਨੂੰ ਸੰਭਾਲਣ ਦੀ ਕੋਈ ਲੋੜ ਨਹੀਂ
- ਹੋਰ ਲੋਕਾਂ ਨੂੰ ਸ਼ਾਮਿਲ ਕਰਨ ਵਿੱਚ ਸਹਾਇਤਾ ਕਰਨ ਜਨਰੇਸ਼ਨ ਮੋਡੀਊਲ ਨੂੰ ਲੈ ਕੇ ਚੱਲੋ

ਹੇਠਾਂ ਦਿੱਤੀ ਸਾਰਣੀ ਦਰਸਾਉਂਦੀ ਹੈ ਕਿ ਉਮਰ, ਸ਼ਾਮਲ ਹੋਣ ਦਾ ਸਮਾਂ, ਅਤੇ ਮਾਸਿਕ ਯੋਗਦਾਨ ਦੀ ਰਕਮ ਦੇ ਆਧਾਰ ਤੇ ਅਟਲ ਪੈਨਸ਼ਨ ਯੋਜਨਾ ਅਕਾਊਂਟ ਕਿਵੇਂ ਕੰਮ ਕਰਦਾ ਹੈ।

	ਅਨੁਮਾਨਿਤ ਮਹੀਨਾਵਾਰ ਪੈਨਸ਼ਨ	₹ 1,000	₹ 2,000	₹ 3,000	₹ 4,000	₹ 5,000
	ਨੌਮਿਨੀ ਵਿਅਕਤੀ ਨੂੰ ਕੌਰਪਸ ਰਿਟਰਨ	₹ 1.7 ਲੱਖ	₹ 3.4 ਲੱਖ	₹ 5.1 ਲੱਖ	₹ 6.8 ਲੱਖ	₹ 8.5 ਲੱਖ
ਸ਼ਾਮਲ ਹੋਣ ਦੀ ਉਮਰ (ਸਾਲਾਂ ਵਿਚ)	ਯੋਗਦਾਨ ਦੇ ਸਾਲ	ਅੰਦਾਜ਼ਨ ਮਾਸਿਕ ਯੋਗਦਾਨ (₹ ਵਿੱਚ)	ਅੰਦਾਜ਼ਨ ਮਾਸਿਕ ਯੋਗਦਾਨ (₹ ਵਿੱਚ)	ਅੰਦਾਜ਼ਨ ਮਾਸਿਕ ਯੋਗਦਾਨ (₹ ਵਿੱਚ)	ਅੰਦਾਜ਼ਨ ਮਾਸਿਕ ਯੋਗਦਾਨ (₹ ਵਿੱਚ)	ਅੰਦਾਜ਼ਨ ਮਾਸਿਕ ਯੋਗਦਾਨ (₹ ਵਿੱਚ)
18	42	42	84	126	168	210
19	41	46	92	138	183	228
20	40	50	100	150	198	248
21	39	54	108	162	215	269
22	38	59	117	177	234	292
23	37	64	127	192	254	318
24	36	70	139	208	277	346
25	35	76	151	226	301	376
26	34	82	164	246	327	409
27	33	90	178	268	356	446
28	32	97	194	292	388	485
29	31	106	212	318	423	529
30	30	116	231	347	462	577
31	29	126	252	379	504	630
32	28	138	276	414	551	689
33	27	151	302	453	602	752
34	26	165	330	495	659	824
35	25	181	362	543	722	902
36	24	198	396	594	792	990
37	23	218	436	654	870	1087
38	22	240	480	720	957	1196
39	21	264	528	792	1054	1318
40	20	291	582	873	1164	1454

ਮੇਰਾ ਮੰਨਣਾ ਹੈ ਕਿ ਤੁਹਾਨੂੰ ਅਟਲ ਪੈਨਸ਼ਨ ਯੋਜਨਾ ਦੀ ਸਮਰੱਥਾ ਬਾਰੇ ਪਹਿਲਾਂ ਹੀ ਯਕੀਨ ਹੈ, ਪਰ ਮੈਂ ਫਿਰ ਵੀ ਤੁਹਾਨੂੰ ਹੋਰ ਵੇਰਵੇ ਦੇਣਾ ਚਾਹਾਂਗਾ। ਜਾਣਕਾਰੀ ਹੀ ਸਭ ਕੁੱਝ ਹੈ, ਇਸ ਲਈ ਆਪਣੇ ਆਪ ਨੂੰ ਇਸ ਤੋਂ ਵੱਧ ਨਾਲ ਲੈਸ ਕਰਨਾ ਹਮੇਸ਼ਾ ਚੰਗਾ ਹੁੰਦਾ ਹੈ।

1. ਸਬਸਕ੍ਰਾਈਬਰ ਦੀ ਮੌਤ 'ਤੇ

- ਮੌਤ ਹੋਣ ਤੇ, ਤੁਹਾਡੀ ਪੈਨਸ਼ਨ ਦਾ 100% ਹਿੱਸਾ ਤੁਹਾਡੇ ਜੀਵਨ ਸਾਥੀ ਨੂੰ ਮਿਲੇਗਾ। ਤੁਹਾਡੇ ਜੀਵਨ ਸਾਥੀ ਦੀ ਮੌਤ ਤੋਂ ਬਾਅਦ, ਇਸ ਪੈਨਸ਼ਨ ਲਈ ਐਨੂਅਟੀ ਖਰੀਦਣ ਲਈ ਵਰਤੀ ਗਈ ਰਕਮ ਤੁਹਾਡੇ ਨੌਮਨੀਆਂ ਨੂੰ ਦਿੱਤੀ ਜਾਵੇਗੀ।
- ਤੁਹਾਡੇ ਜੀਵਨ ਸਾਥੀ ਕੋਲ ਅਟਲ ਪੈਨਸ਼ਨ ਯੋਜਨਾ ਅਕਾਊਂਟ ਨੂੰ ਜਾਰੀ ਰੱਖਣ ਜਾਂ ਇਸਨੂੰ ਬੰਦ ਕਰਨ ਅਤੇ ਤੁਹਾਡੇ ਦੁਆਰਾ ਕੀਤੇ ਯੋਗਦਾਨ ਤੋਂ ਮਿਲੇ ਲਾਭ ਪ੍ਰਾਪਤ ਕਰਨ ਦਾ ਵਿਕਲਪ ਹੈ।

2. ਰਿਟਾਇਰਮੈਂਟ ਬੈਨੀਫਿੱਟ



- ਅਟਲ ਪੈਨਸ਼ਨ ਯੋਜਨਾ ਦਾ ਮੁੱਖ ਫਾਇਦਾ ਇਹ ਹੈ ਕਿ 60 ਸਾਲ ਦੀ ਉਮਰ ਤੋਂ ਬਾਅਦ ਭੁਗਤਾਨ ਯੋਗ ਮਹੀਨਾਵਾਰ ਪੈਨਸ਼ਨ ਸਰਕਾਰ ਦੁਆਰਾ ਗਾਰੰਟੀ ਨਾਲ ਦਿੱਤੀ ਜਾਂਦੀ ਹੈ। ਮਹੀਨਾਵਾਰ ਪੈਨਸ਼ਨ ਤੁਹਾਡੇ ਦੁਆਰਾ ਯੋਗਦਾਨ ਕੀਤੀ ਰਕਮ ਤੇ ਨਿਰਭਰ ਕਰਦੀ ਹੈ।

3. ਟੈਕਸ ਬੈਨੀਫਿੱਟ

- ਟੈਕਸ ਬੈਨੀਫਿੱਟ ਸੈਕਸ਼ਨ 80C ਦੇ ਅਧੀਨ ਤੁਹਾਡੇ ਯੋਗਦਾਨ ਲਈ ਲਏ ਜਾ ਸਕਦੇ ਹਨ

ਮਨੀਰਾਮ ਮੰਤਰ

ਅਟਲ **ਪੈਨਸ਼ਨ ਯੋਜਨਾ ਸਰਕਾਰ ਦੁਆਰਾ ਗਰੰਟੀਸ਼ੁਦਾ** ਯੋਜਨਾ ਹੈ ਅਤੇ ਇਹ ਤੁਸੀਂ ਕਿੰਨਾ ਯੋਗਦਾਨ ਪਾਇਆ ਹੈ ਤੇ ਕਿੰਨੀ ਰਾਸ਼ੀ ਦੀ ਪੈਨਸ਼ਨ ਲਈ ਹੈ ਉੱਤੇ ਨਿਰਭਰ ਕਰਦੀ ਹੈ।

ਜੇਕਰ ਤੁਸੀਂ **18 ਤੋਂ 40 ਸਾਲਾਂ** ਦੇ ਵਿਚਕਾਰ ਹੋਣ ਤਾਂ ਅਟਲ ਪੈਨਸ਼ਨ ਯੋਜਨਾ ਸਕੀਮ ਵਿੱਚ ਸ਼ਾਮਲ ਹੋਵੋ।

ਅਟਲ ਪੈਨਸ਼ਨ ਯੋਜਨਾ **ਤਿੰਨ ਗਰੰਟੀਸ਼ੁਦਾ ਲਾਭ** ਦਿੰਦੀ ਹੈ।



ਨਿਚੋੜ

ਮੈਨੂੰ ਲੱਗਦਾ ਹੈ ਕਿ ਤੁਸੀਂ ਇਸ ਪੁਸਤਕ ਨੂੰ ਪੜ੍ਹਨਾ ਪਸੰਦ ਕੀਤਾ ਹੋਵੇਗਾ। ਮੈਂ ਉਮੀਦ ਕਰਦਾ ਹਾਂ ਕਿ ਪੁਸਤਕ ਤਹਾਡੇ ਸਮਝਣ ਦੇ ਲਈ ਆਸਾਨ ਅਤੇ ਰੁਝਾਉਣ ਵਾਲੀ ਹੋਵੇਗੀ, ਇਸਨੇ ਤੁਹਾਨੂੰ ਰਿਟਾਇਰਮੈਂਟ ਦੀ ਯੋਜਨਾ, ਭਵਿੱਖ ਲਈ ਬੱਚਤ, ਨੈਸ਼ਨਲ ਪੈਨਸ਼ਨ ਸਿਸਟਮ, ਅਟਲ ਪੈਨਸ਼ਨ ਯੋਜਨਾ ਅਤੇ ਇਹਨਾਂ ਦੁਆਰਾ ਪੇਸ਼ ਕੀਤੇ ਗਏ ਬਹੁਤ ਸਾਰੇ ਲਾਭਾਂ ਬਾਰੇ ਸਾਰੀ ਲੋੜੀਂਦੀ ਜਾਣਕਾਰੀ ਪ੍ਰਦਾਨ ਕੀਤੀ ਹੈ।

ਤੁਹਾਡੇ ਤੋਂ ਅਲਵਿਦਾ ਲੈਂਦੇ ਹੋਏ ਇੱਕ ਵਿਚਾਰ ਵਜੋਂ, ਮੈਂ ਤੁਹਾਨੂੰ ਤੁਹਾਡੀ ਰਿਟਾਇਰਮੈਂਟ ਲਈ ਯੋਜਨਾ ਬਣਾਉਣ ਦੇ ਮਹੱਤਵ ਬਾਰੇ ਯਾਦ ਦਿਵਾਉਣਾ ਚਾਹੁੰਦਾ ਹਾਂ। ਭਾਵੇਂ ਤੁਸੀਂ ਕਿੰਨੇ ਵੀ ਜਵਾਨ ਜਾਂ ਬੁੱਢੇ ਹੋ, ਜਲਦੀ ਸ਼ੁਰੂ ਕਰੋ ਅਤੇ ਬਾਅਦ ਵਿੱਚ ਲਾਭ ਪ੍ਰਾਪਤ ਕਰੋ। ਜਦੋਂ ਤੁਹਾਡੀ ਰਿਟਾਇਰਮੈਂਟ ਦੀ ਯੋਜਨਾ ਬਣਾਉਣ ਦੀ ਗੱਲ ਆਉਂਦੀ ਹੈ ਤਾਂ NPS ਅਤੇ APY ਤੁਹਾਡੀਆਂ ਦੋ ਭਰੋਸੇਯੋਗ ਯੋਜਨਾਵਾਂ ਹਨ। ਤੁਸੀਂ ਕਈ ਤਰ੍ਹਾਂ ਦੀਆਂ ਪੈਨਸ਼ਨ ਯੋਜਨਾਵਾਂ ਵਿੱਚੋਂ ਚੋਣ ਕਰਕੇ ਇਹ ਯਕੀਨੀ ਬਣਾ ਸਕਦੇ ਹੋ ਕਿ ਤੁਸੀਂ ਆਪਣੇ ਰਿਟਾਇਰਮੈਂ ਜੀਵਨ ਦਾ ਆਨੰਦ ਮਾਣ ਸਕੋ। ਤਾਂ, ਤੁਸੀਂ ਕਿਸ ਦੀ ਉਡੀਕ ਕਰ ਰਹੇ ਹੋ? ਹੁਣੇ ਸ਼ੁਰੂ ਕਰੋ। ਮੇਰੇ ਜਾਣ ਤੋਂ ਪਹਿਲਾਂ, ਇੱਕ ਰੀਮਾਈਂਡਰ ਕਿ ਤੁਸੀਂ ਮੇਰੇ ਨਾਲ **011-26517501-03** 'ਤੇ ਸੰਪਰਕ ਕਰ ਸਕਦੇ ਹੋ।

ਯਾਦ ਰੱਖੋ, ਸਿਰਫ਼ ਆਪਣੀ ਨੌਕਰੀ ਤੋਂ ਰਿਟਾਇਰ ਨਾ ਹੋਵੋ, ਆਪਣੀ ਰਿਟਾਇਰਮੈਂਟ ਲਈ ਯੋਜਨਾ ਬਣਾਓ।

ਨੈਸ਼ਨਲ ਪੈਨਸ਼ਨ ਸਿਸਟਮ ਅਤੇ ਅਟਲ ਪੈਨਸ਼ਨ ਯੋਜਨਾ ਵਰਗੀਆਂ ਸਕੀਮਾਂ ਨਾਲ ਲਾਭ ਉਠਾਓ।

ਨੈਸ਼ਨਲ ਪੈਨਸ਼ਨ ਸਿਸਟਮ/ਪੈਨਸ਼ਨ ਫੰਡ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਟੀ ਤੋਂ ਫੰਡ ਜਾਰੀ ਕਰਨ ਲਈ ਪੈਸੇ ਜਮ੍ਹਾ ਕਰਨ ਦੀ ਰਿਕੁਐਸਟ ਕਰਨ ਵਾਲੇ ਵਿਅਕਤੀਆਂ ਨੂੰ ਪੈਨਸ਼ਨ ਫੰਡ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਟੀ ਕਦੇ ਵੀ ਫੋਨ ਨਹੀਂ ਕਰਦਾ। ਧੋਖਾਧੜੀ ਲਈ ਪ੍ਰਾਪਤ ਹੋਈ ਅਜਿਹੀ ਕੋਈ ਵੀ ਸੂਚਨਾ ਤੁਰੰਤ ਪੁਲਿਸ ਨੂੰ ਦਿੱਤੀ ਜਾ ਸਕਦੀ ਹੈ।

ਪਰਿਭਾਸ਼ਿਕ ਸ਼ਬਦਾਵਲੀ

A

ਐਸੈੱਟ
ਕੋਈ ਵੀ ਸਰੋਤ ਜਿਸਦਾ ਆਪਣੇ ਮਾਲਕ ਲਈ ਆਰਥਿਕ ਮੁੱਲ ਹੋਵੇ। ਇਹ ਨਕਦੀ, ਵਸਤੂਆਂ, ਪ੍ਰਤੀਭੂਤੀਆਂ ਜਾਂ ਅਚੱਲ ਸੰਪੱਤੀ ਦੇ ਰੂਪ ਵਿੱਚ ਹੋ ਸਕਦਾ ਹੈ।

ਐਨੂਅਟੀ
ਕਿਸੇ ਬੀਮਾ ਕੰਪਨੀ ਦੁਆਰਾ ਐਨੂਅਟੀ ਖਰੀਦਣ ਦੇ ਸਮੇਂ ਚੁਣੀ ਗਈ ਮਿਆਦ ਲਈ ਗਾਹਕ ਨੂੰ ਨਿਯਮਿਤ ਭੁਗਤਾਨ ਕਰਨ ਲਈ ਕੀਤਾ ਗਿਆ ਇਕਰਾਰਨਾਮਾ।

ਐਸੈੱਟ ਐਲੋਕੇਸ਼ਨ
ਵੱਖ-ਵੱਖ ਐਸੈੱਟ ਸ਼੍ਰੇਣੀਆਂ ਵਿੱਚ ਨਿਵੇਸ਼ ਪੋਰਟਫੋਲੀਓ ਦੀ ਵੰਡ

ਐਨੂਈਟੈਂਟ
ਜੋ ਵਿਅਕਤੀ ਐਨੂਅਟੀ ਪ੍ਰਾਪਤ ਕਰਦਾ ਹੈ

ਅਟਲ ਪੈਨਸ਼ਨ ਯੋਜਨਾ
ਅਟਲ ਪੈਨਸ਼ਨ ਯੋਜਨਾ (ਏਪੀਆਈ) ਭਾਗੀਦਾਰੀ ਤੇ ਆਧਾਰਿਤ ਨਿਯਮਿਤ ਪੈਨਸ਼ਨ ਯੋਜਨਾ ਹੈ ਜੋ /2,000/3,000/4,000/5,000 ਰੁਪਏ ਦੀ ਪੱਕੀ ਪੈਨਸ਼ਨ ਯਕੀਨੀ ਬਣਾਉਂਦੀ ਹੈ। ਪੈਨਸ਼ਨ 60 ਸਾਲ ਦੀ ਉਮਰ ਤੋਂ ਸ਼ੁਰੂ ਹੁੰਦੀ ਹੈ।

B

ਬੌਂਡ
ਕਰਜ਼ੇ ਦਾ ਇੱਕ ਸਾਧਨ, ਜਿਸ ਵਿੱਚ ਕੋਈ ਨਿਵੇਸ਼ਕ ਕਿਸੇ ਅਜਿਹੀ ਸੰਸਥਾ ਨੂੰ ਪੈਸਾ ਉਧਾਰ ਦਿੰਦਾ ਹੈ ਜੋ ਅਸਥਿਰ ਜਾਂ ਸਥਿਰ ਵਿਆਜ ਦਰ ਤੇ ਕਿਸੇ ਮਿੱਥੇ ਸਮੇਂ ਲਈ ਫੰਡ (ਪੈਸਾ) ਉਧਾਰ ਲੈਂਦੀ ਹੈ

C

ਕੌਰਪਸ
ਕਿਸੇ ਖਾਸ ਯੋਜਨਾ ਵਿੱਚ ਸਾਰੇ ਨਿਵੇਸ਼ਕਾਂ ਦੁਆਰਾ ਨਿਵੇਸ਼ ਕੀਤੀ ਗਈ ਕੁੱਲ ਰਕਮ

ਕੰਪਾਂਉਂਡਿੰਗ
ਕਿਸੇ ਐਸੈੱਟ ਦੀ ਕਮਾਉਣ ਦੀ ਸਮਰੱਥਾ, ਜਿਸਨੂੰ ਹੋਰ ਕਮਾਈ ਕਰਨ ਦੇ ਲਈ ਦੁਬਾਰਾ ਨਿਵੇਸ਼ ਕੀਤਾ ਜਾਂਦਾ ਹੈ।

E

ਇਕੁਇਟੀਆਂ
ਰੀਅਲ ਇਸਟੇਟ (ਅਚੱਲ ਸੰਪੱਤੀ) ਅਤੇ ਆਮ ਸਟਾਕ ਇਕੁਇਟੀਆਂ ਦੀਆਂ ਉਦਾਹਰਣਾਂ ਹਨ ਜਿੱਥੇ ਨਿਵੇਸ਼ਕਾਂ ਨੂੰ ਮਲਕੀਅਤ ਦਾ ਨਿਸ਼ਚਿਤ ਹਿੱਸਾ ਮਿਲਦਾ ਹੈ

H

ਹੈਲਥ ਇੰਸ਼ੋਰੈਂਸ
ਇੱਕ ਇਕਰਾਰਨਾਮਾ ਜਿਸ ਵਿੱਚ ਕੋਈ ਇੰਸ਼ੋਰੈਂਸ (ਬੀਮਾ) ਕੰਪਨੀ ਡਾਕਟਰੀ ਖਰਚਿਆਂ ਲਈ ਪੈਸੇ ਦਿੰਦੀ ਹੈ

I

ਇਨਫਲੇਸ਼ਨ
ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਵਿੱਚ ਵਾਧੇ ਕਾਰਨ ਖਰੀਦਣ ਦੀ ਸਮਰੱਥਾ ਦਾ ਘੱਟ ਹੋ ਜਾਣਾ

L

ਇੱਕ ਮੁਸ਼ਤ
ਵਿੱਤੀ ਯੋਜਨਾ ਦੇ ਅਧੀਨ ਮਿਲੇ ਲਾਭਾਂ ਦਾ ਇੱਕੋ ਵਾਰ ਵਿੱਚ ਭੁਗਤਾਨ ਕਰ ਕੇ ਜਾਰੀ ਕਰਨਾ

ਲਾਈਫਸਾਈਕਲ ਫੰਡ
ਮਿਉਚੁਅਲ ਫੰਡ ਜੋ ਨਿਵੇਸ਼ਕ ਦੀ ਸੰਭਾਵਿਤ ਰਿਟਾਇਰਮੈਂਟ ਉਮਰ ਅਨੁਸਾਰ ਐਸੈੱਟ ਐਲੋਕੇਟ ਕਰਨਾ ਯਕੀਨੀ ਬਣਾਈ ਰੱਖਦਾ ਹੈ।

ਲੋਨ
ਕਿਸੇ ਵਿੱਤੀ ਸੰਸਥਾ/ਵਿਅਕਤੀ ਤੋਂ ਉਧਾਰ ਲਈ ਗਈ ਰਕਮ ਜਿਸਦਾ ਵਿਆਜ ਸਮੇਤ ਵਾਪਸ ਭੁਗਤਾਨ ਕੀਤਾ ਜਾਣਾ ਹੁੰਦਾ ਹੈ

M

ਮਾਰਕਿਟ-ਲਿੰਕਡ ਇਨਵੈਸਟਮੈਂਟ
ਇਹ ਕਰਜ਼ੇ ਦੀਆਂ ਪ੍ਰਤੀਭੂਤੀਆਂ ਜਾਂ ਬੌਂਡ ਹੁੰਦੇ ਹਨ ਜਿਹਨਾਂ ਦਾ ਮੁਨਾਫਾ ਕਿਸੇ ਹੋਰ ਐਸੈਟ ਦੀ ਕਾਰਗੁਜ਼ਾਰੀ ਨਾਲ ਜੁੜਿਆ ਹੁੰਦਾ ਹੈ

N

ਨੈਸ਼ਨਲ ਪੈਨਸ਼ਨ ਸਿਸਟਮ
ਨੈਸ਼ਨਲ ਪੈਨਸ਼ਨ ਸਿਸਟਮ (ਐਨਪੀਐਸ) ਇੱਕ ਰਿਟਾਇਰਮੈਂਟ ਬੱਚਤ ਪ੍ਰੋਗਰਾਮ ਹੈ ਜੋ ਹਰੇਕ ਨੂੰ ਮੁਨਾਸਬ ਰਿਟਾਇਰਮੈਂਟ ਆਮਦਨ ਪ੍ਰਦਾਨ ਕਰਦਾ ਹੈ। ਇਹ ਲੋਕਾਂ ਨੂੰ ਭਵਿੱਖ ਦੇ ਟੀਚੇ ਲਈ ਬੱਚਤ ਜਾਂ ਨਿਵੇਸ਼ ਵਿੱਚ ਮੱਦਦ ਕਰਦਾ ਹੈ।

P

ਪੁਆਇੰਟ ਆਫ ਪ੍ਰੈਜ਼ੇਂਸ
ਪੁਆਇੰਟ ਆਫ ਪ੍ਰੈਜ਼ੇਂਸ ਵੰਡ ਦੇ ਉਹ ਮਾਧਿਅਮ ਹਨ ਜੋ ਨੈਸ਼ਨਲ ਪੈਨਸ਼ਨ ਸਿਸਟਮ ਦੇ ਅਧੀਨ ਗਾਹਕਾਂ/ਸੰਭਾਵਿਤ ਗਾਹਕਾਂ ਨੂੰ ਆਪਣੀਆਂ ਸ਼ਾਖਾਵਾਂ ਦੇ ਨੈਟਵਰਕ ਰਾਹੀਂ ਸੇਵਾਵਾਂ ਪ੍ਰਦਾਨ ਕਰਦੇ ਹਨ ਜਿਹਨਾਂ ਨੂੰ ਪੁਆਇੰਟ ਆਫ ਪ੍ਰੈਜ਼ੇਂਸ ਸਰਵਿਸ ਪ੍ਰੋਵਾਈਡਰ (ਸੇਵਾ ਪ੍ਰਦਾਤਾ) ਕਿਹਾ ਜਾਂਦਾ ਹੈ।

ਪੈਨਸ਼ਨ
ਰਿਟਾਇਰਮੈਂਟ ਤੋਂ ਬਾਅਦ ਕਿਸੇ ਵਿਅਕਤੀ ਨੂੰ ਰਾਜ ਜਾਂ ਉਸਦੇ ਪੁਰਾਣੇ ਰੁਜ਼ਗਾਰਦਾਤਾ ਦੁਆਰਾ ਅਦਾ ਕੀਤੀ ਜਾਣ ਵਾਲੀ ਪੈਸੇ ਦੀ ਨਿਯਮਿਤ ਰਕਮ

ਪੇਆਊਟ
ਕਿਸੇ ਨੂੰ ਮੁਆਵਜ਼ੇ ਜਾਂ ਫਾਇਦੇ ਵਜੋਂ ਅਦਾ ਕੀਤੀ ਗਈ ਵੱਡੀ ਰਕਮ

ਪਾਰਸ਼ੀਅਲ ਵਿੱਦਡਰਾਲ
ਕਿਸੇ ਫੰਡ (ਰਕਮ) ਦਾ ਉਹ ਹਿੱਸਾ ਜੋ ਪਾਲਿਸੀ ਦੀ ਮਿਆਦ ਦੇ ਦੌਰਾਨ ਪਾਲਿਸੀਧਾਰਕ ਦੁਆਰਾ ਨਕਦ ਲਿਆ / ਕਢਵਾਇਆ ਜਾਂਦਾ ਹੈ

R

ਰੇਗੂਲੇਟਰੀ ਬਾਡੀ
ਜਨਤਕ ਜਾਂ ਸਰਕਾਰੀ ਸੰਸਥਾ ਜੋ ਮਨੁੱਖੀ ਗਤੀਵਿਧੀਆਂ ਦੇ ਕਾਨੂੰਨੀ ਪੱਖ 'ਤੇ ਨਜ਼ਰ ਰੱਖਣ ਵਾਲੇ ਪਹਿਲੂਆਂ ਲਈ ਜ਼ਿੰਮੇਵਾਰ ਹੁੰਦੀ ਹੈ

ਰਿਟਰਨ ਔਨ ਇਨਵੈਸਟਮੈਂਟ
ਰਿਟਰਨ ਔਨ ਇਨਵੈਸਟਮੈਂਟ (ਆਰਓਆਈ)ਇੱਕ ਪੈਮਾਨਾ ਹੈ ਜੋ ਕਿਸੇ ਨਿਵੇਸ਼ ਦੇ ਮੁਨਾਫੇ ਜਾਂ ਕੁਸ਼ਲਤਾ ਦਾ ਮੁਲਾਂਕਣ ਕਰਨ ਲਈ ਵਰਤਿਆ ਜਾਂਦਾ ਹੈ

ਰਿਸਕ
ਕਿਸੇ ਵਿੱਤੀ ਸਾਧਨ ਦੀ ਮੁਨਾਫੇ ਦੀ ਦਰ ਦੇ ਵੱਖਰੇ ਹੋਣ ਅਤੇ ਨੁਕਸਾਨ ਹੋਣ ਦੀ ਸੰਭਾਵਨਾ

S

ਐੱਸ 2 ਫਾਰਮ
ਇਸ ਫਾਰਮ ਦੀ ਵਰਤੋਂ ਸਬਸਕ੍ਰਾਈਬਰ ਦੇ ਨਿੱਜੀ ਵੇਰਵਿਆਂ, ਨੌਮਿਨੀ ਦੇ ਵੇਰਵਿਆਂ, ਆਈ-ਪਿੰਨ/ਟੀ-ਪਿੰਨ ਨੂੰ ਦੋਬਾਰਾ ਜਾਰੀ ਕਰਨ ਜਾਂ ਪਰਮਾਨੈਂਟ ਰਿਟਾਇਰਮੈਂਟ ਅਕਾਉਂਟ ਨੰਬਰ ਕਾਰਡ ਨੂੰ ਦੋਬਾਰਾ ਜਾਰੀ ਕਰਨ ਦੇ ਮਕਸਦ ਲਈ ਕੀਤੀ ਜਾਂਦੀ ਹੈ।

ਸਰਵਿਸ ਪ੍ਰੋਵਾਈਡਰ
ਕੋਈ ਕੰਪਨੀ ਜਾਂ ਫਰਮ (ਵਪਾਰ ਕਰਨ ਵਾਲੀ ਸੰਸਥਾ) ਜੋ ਰਿਕਾਰਡ ਰੱਖਣ, ਸਿੱਖਿਆ ਲਈ ਯੋਜਨਾ ਬਣਾਉਣ ਅਤੇ ਵਿੱਤੀ ਯੋਜਨਾ ਦੇ ਪ੍ਰਬੰਧਨ ਲਈ ਸੇਵਾਵਾਂ ਪ੍ਰਦਾਨ ਕਰਦੀ ਹੈ

ਸੁਪਰਐਨੂਏਸ਼ਨ
ਉਹ ਪੈਸਾ ਜੋ ਲੋਕ ਕੰਮ ਕਰਦੇ ਸਮੇਂ ਫੰਡ ਵਿੱਚ ਜਮ੍ਹਾ ਕਰਦੇ ਹਨ ਤਾਂ ਜੋ ਉਹ ਉਹਨਾਂ ਨੂੰ ਓਦੋਂ ਮਿਲੇ ਜਦੋਂ ਉਹ ਆਪਣੇ ਬੁਢਾਪੇ ਵਿੱਚ ਕੰਮ ਕਰਨਾ ਬੰਦ ਕਰ ਦਿੰਦੇ ਹਨ।

T

ਟਾਇਰ-1 ਨੈਸ਼ਨਲ ਪੈਨਸ਼ਨ ਸਿਸਟਮ ਅਕਾਉਂਟ
ਨੈਸ਼ਨਲ ਪੈਨਸ਼ਨ ਸਿਸਟਮ ਦੀ ਸਭ ਤੋਂ ਬੁਨਿਆਦੀ ਕਿਸਮ। ਨਿਵੇਸ਼ਕ ਇਹਨਾਂ ਅਕਾਉਂਟ (ਖਾਤਿਆਂ) ਵਿੱਚ ਇੱਕ ਸਾਲ ਵਿੱਚ ₹ 1,000 ਤੱਕ ਦੀ ਘੱਟ ਰਕਮ ਨਿਵੇਸ਼ ਕਰ ਸਕਦੇ ਹਨ।

ਟੈਕਸ ਬੈਨੀਫਿੱਟ
ਟੈਕਸ ਦੀ ਰਕਮ ਵਿੱਚ ਕਟੌਤੀ ਜੋ ਕਿਸੇ ਵਿਅਕਤੀ ਜਾਂ ਸੰਸਥਾ ਨੂੰ ਆਮ ਤੌਰ ਤੇ ਕਿਸੇ ਖਾਸ ਸਥਿਤੀ ਵਿੱਚ ਅਦਾ ਕਰਨੀ ਪੈਂਦੀ ਹੈ

V

ਵੈਲੂਏਸ਼ਨ
ਵੈਲੁਏਸ਼ਨ ਉਹ ਗਣਨਾ ਹੈ ਜੋ ਕਿਸੇ ਐਸੈੱਟ (ਸੰਪਤੀ) ਦੀ ਵਰਤਮਾਨ ਕੀਮਤ ਨੂੰ ਮਾਪਦੀ ਹੈ

ਅਟਲ ਪੈਨਸ਼ਨ ਯੋਜਨਾ

ਔਨਲਾਈਨ ਅਟਲ ਪੈਨਸ਼ਨ ਯੋਜਨਾ ਸਬਸਕ੍ਰਾਈਬਰ ਰਜ਼ਿਸਟਰੇਸ਼ਨ
enps.nsdl.com/eNPS/
ApySubRegistration.html

ਜੇ ਤੁਹਾਡੀ ਉਮਰ 18 ਤੋਂ 40 ਸਾਲ ਦੇ ਵਿਚਕਾਰ ਹੈ ਤਾਂ ਤੁਸੀਂ ਅਟਲ ਪੈਨਸ਼ਨ ਯੋਜਨਾ ਵਿੱਚ ਸ਼ਾਮਲ ਹੋ ਸਕਦੇ ਹੋ। ਆਪਣੇ ਨੇੜਲੇ ਬੈਂਕ ਦੀ ਸ਼ਾਖਾ/ਡਾਕਖਾਨੇ ਨਾਲ ਸੰਪਰਕ ਕਰੋ, 18008891030 ਟੋਲ ਫਰੀ ਨੰਬਰ ਤੇ ਫੋਨ ਕਰੋ ਜਾਂ ਅੱਜ ਹੀ www.pfrda.org.in ਤੇ ਜਾਓ।

ਨੈਸ਼ਨਲ ਪੈਨਸ਼ਨ ਸਿਸਟਮ

ਆਪਣਾ ਨੈਸ਼ਨਲ ਪੈਨਸ਼ਨ ਸਿਸਟਮ ਅਕਾਊਂਟ ਔਨਲਾਈਨ ਖੋਲ੍ਹੋ
www.npstrust.org.in/content/
open-your-nps-account-online

NPS ਜਾਂ ਆਪਣੇ ਨੇੜਲੇ POP-SP(ਡਿਸਟਰੀਬਿਊਟਰ) ਬਾਰੇ ਜਾਣਣ ਲਈ 1800222080 ਤੇ ਟੋਲ ਫ੍ਰੀ ਨੰਬਰ ਉੱਪਰ ਫੋਨ ਕਰੋ, ਨੈਸ਼ਨਲ ਪੈਨਸ਼ਨ ਸਿਸਟਮ ਨੂੰ 56677 ਨੂੰ ਮੈਸੇਜ ਭੇਜੋ ਜਾਂ www.pfrda.org.in ਤੇ ਜਾਓ।

ਫਾਈਨੈਂਸ਼ੀਅਲ ਲਿਟਰੇਸੀ ਐਂਡ ਟ੍ਰੇਨਿੰਗ ਡਿਪਾਰਟਮੇਂਟ, PFRDA

"In case of any ambiguity in understanding the context of the words written in this booklet, the English version of the same will prevail"
"ਇਸ ਪੁਸਤਿਕਾ ਵਿੱਚ ਲਿਖੇ ਸ਼ਬਦਾਂ ਦੇ ਸੰਦਰਭ ਬਾਰੇ ਅਸਪਸ਼ਟਤਾ ਦੀ ਸਥਿਤੀ ਵਿਚ, ਅੰਗਰੇਜ਼ੀ ਸੰਸਕਰਣ ਪ੍ਰਬਲ ਹੋਵੇਗਾ"